ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

ਸਾਂਝੀ ਸੋਚ
SANJHI SOCH
ਸਾਂਝੀ ਸੋਚ
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7
LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-13 ISSUE 2647 18 November, 2026 Wednesday www.sanjhisoch.com ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ +1 (209) 303-1260

ਪ੍ਰਧਾਨ ਮੰਤਰੀ ਮੋਦੀ ਵੱਲੋਂ ਆਸੀਆਨ ਦੇਸ਼ਾਂ ਦੇ ਸੈਲਾਨੀਆਂ ਲਈ ਮੁਫ਼ਤ ਈ-ਵੀਜ਼ਾ ਸਮੇਤ ਅਹਿਮ ਪ੍ਰਸਤਾਵ

ਮਨੀਲਾ
ਸਾਂਝੀ ਸੋਚ ਬਿਊਰੋ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤ ਅਤੇ ਆਸੀਆਨ ਵਿਚਕਾਰ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਕਈ ਪਹਿਲਕਦਮੀਆਂ ਦਾ ਪ੍ਰਸਤਾਵ ਰੱਖਿਆ ਹੈ, ਜਿਸ ਵਿਚ ਆਸੀਆਨ ਦੇਸ਼ਾਂ ਦੇ ਸੈਲਾਨੀਆਂ ਲਈ ਮੁਫ਼ਤ ਈ-ਵੀਜ਼ਾ, ਸਮੁੰਦਰੀ ਸਹਿਯੋਗ ਲਈ ਇੱਕ ਲੰਬੇ ਸਮੇਂ ਦੀ ਯੋਜਨਾ, ਪ੍ਰਮਾਣੂ ਊਰਜਾ ਦੇ ਖੇਤਰ ਵਿਚ ਤਕਨੀਕੀ ਆਦਾਨ-ਪ੍ਰਦਾਨ ਅਤੇ ਮਹੱਤਵਪੂਰਨ ਖਣਿਜਾਂ ਦੇ ਖੇਤਰ ਵਿਚ ਸਹਿਯੋਗ ਸ਼ਾਮਲ ਹੈ। ਵਿਦੇਸ਼ ਮੰਤਰਾਲੇ ਨੇ ਮਨੀਲਾ ਵਿਚ 23ਵੇਂ ਆਸੀਆਨ-ਭਾਰਤ ਸੰਮੇਲਨ ਤੋਂ ਬਾਅਦ ਜਾਰੀ ਇੱਕ ਬਿਆਨ ਵਿਚ ਇਨ੍ਹਾਂ ਪ੍ਰਸਤਾਵਾਂ ਦਾ ਐਲਾਨ ਕੀਤਾ। ਮੁੱਖ ਪ੍ਰਸਤਾਵਾਂ ਵਿਚ ਇੱਕ ਲੰਬੇ ਸਮੇਂ ਦੀ ਆਸੀਆਨ-ਭਾਰਤ ਸਮੁੰਦਰੀ ਸਹਿਯੋਗ ਯੋਜਨਾ ਸ਼ਾਮਲ ਹੈ। ਇਸ ਯੋਜਨਾ ਵਿਚ ਸੰਪਰਕ ਵਧਾਉਣਾ, ਵਿਗਿਆਨਕ ਖੋਜ, ਆਫ਼ਤ ਪ੍ਰਬੰਧਨ, ਤੱਟ ਰੱਖਿਅਕਾਂ ਵਿਚਕਾਰ ਸਹਿਯੋਗ, ਸਮੁੰਦਰੀ ਨਿਗਰਾਨੀ ਅਤੇ ਸਮੁੰਦਰੀ ਯਾਤਰੀ ਸੁਰੱਖਿਆ ਵਰਗੇ ਖੇਤਰ ਸ਼ਾਮਲ ਹਨ।

ਮੋਦੀ ਨੇ ਸਾਈਬਰ ਅਪਰਾਧਾਂ ਦੀ ਜਾਂਚ ਵਿਚ ਡਿਜੀਟਲ ਸਬੂਤਾਂ ਦੇ ਵਿਸ਼ਲੇਸ਼ਣ ਅਤੇ ਖੇਤਰ ਵਿਚ ਸਮਰਥਾਵਾਂ ਵਿਕਸਤ ਕਰਨ ਲਈ ਆਸੀਆਨ ਅਤੇ ਭਾਰਤ ਵਿਚਕਾਰ ਪ੍ਰਮਾਣੂ ਊਰਜਾ ਦੇ ਖੇਤਰ ਵਿਚ ਤਕਨੀਕੀ ਆਦਾਨ-ਪ੍ਰਦਾਨ ਨਾਲ ਸਬੰਧਤ ਇੱਕ ਸੰਯੁਕਤ ਸਿਖਲਾਈ ਪ੍ਰੋਗਰਾਮ ਦਾ ਵੀ ਪ੍ਰਸਤਾਵ ਰੱਖਿਆ। ਹੋਰ ਪ੍ਰਸਤਾਵਾਂ ਵਿਚ ਆਸੀਆਨ-ਭਾਰਤ ਸਪੇਸ ਹੈਕਾਥਨ ਅਤੇ ਮਾਈਨਿੰਗ ਅਤੇ ਮਹੱਤਵਪੂਰਨ ਖਣਿਜਾਂ ਦੇ ਖੇਤਰ ਵਿਚ ਸਹਿਯੋਗ ਸ਼ਾਮਲ ਹੈ। ਪ੍ਰਧਾਨ ਮੰਤਰੀ ਨੇ "ਆਸੀਆਨ-ਇੰਡੀਆ ਯੂਥ ਕਨੈਕਟ" ਪਹਿਲਕਦਮੀ ਦਾ ਸੁਝਾਅ ਦਿੱਤਾ, ਤਾਂ ਜੋ ਦੋਵਾਂ ਪਾਸਿਆਂ ਦੇ ਲੋਕਾਂ-ਤੋਂ-ਲੋਕ ਸੰਪਰਕਾਂ, ਖਾਸ ਕਰਕੇ ਨੌਜਵਾਨਾਂ ਵਿਚਕਾਰ, ਮਜ਼ਬੂਤ ਹੋ ਸਕਣ। ਇਸ ਪਹਿਲਕਦਮੀ ਵਿਚ ਯੁਵਾ ਸੰਮੇਲਨਾਂ ਦਾ ਆਯੋਜਨ, ਨੌਜਵਾਨ ਸੰਸਦ ਮੈਂਬਰਾਂ ਵਿਚਕਾਰ



ਆਦਾਨ-ਪ੍ਰਦਾਨ ਅਤੇ ਸਟਾਰਟਅੱਪ ਹੈਕਾਥਨ ਸ਼ਾਮਲ ਹਨ।

1967 ਵਿਚ ਸਥਾਪਿਤ, ਆਸੀਆਨ ਦੇ 11 ਮੈਂਬਰ ਦੇਸ਼ਾਂ ਵਿਚ ਬਰੂਨੇਈ, ਕੰਬੋਡੀਆ, ਇੰਡੋਨੇਸ਼ੀਆ, ਲਾਓਸ, ਮਲੇਸ਼ੀਆ, ਮਿਆਂਮਾਰ, ਫਿਲੀਪੀਨਜ਼, ਸਿੰਗਾਪੁਰ, ਥਾਈਲੈਂਡ, ਤਿਮੋਰ-ਲੇਸਟੇ ਅਤੇ ਵੀਅਤਨਾਮ ਸ਼ਾਮਲ ਹਨ। ਭਾਰਤ, ਸੰਯੁਕਤ ਰਾਜ ਅਮਰੀਕਾ, ਚੀਨ, ਜਾਪਾਨ ਅਤੇ ਆਸਟ੍ਰੇਲੀਆ ਦੇ ਨਾਲ, ਇਸਦੇ ਸੰਵਾਦ ਭਾਈਵਾਲ ਹਨ। ਆਸੀਆਨ ਦੇਸ਼ਾਂ ਨਾਲ ਭਾਰਤ ਦੇ ਸਬੰਧ ਇਸਦੀ "ਐਕਟ ਈਸਟ" ਨੀਤੀ ਦੇ ਕੇਂਦਰ ਵਿਚ ਹਨ। ਭਾਰਤ ਅਤੇ ਆਸੀਆਨ ਵਿਚਕਾਰ ਸੰਵਾਦ ਸਬੰਧ 1992 ਵਿਚ ਸੈਕਟਰਲ ਭਾਈਵਾਲੀ ਦੀ ਸਥਾਪਨਾ ਨਾਲ ਸ਼ੁਰੂ ਹੋਏ ਸਨ। ਇਸਨੂੰ ਦਸੰਬਰ 1995 ਵਿਚ ਇੱਕ ਪੂਰੀ ਸੰਵਾਦ ਭਾਈਵਾਲੀ ਅਤੇ 2002 ਵਿਚ ਇੱਕ ਸਿਖਰ-ਪੱਧਰੀ ਭਾਈਵਾਲੀ ਤੱਕ ਉੱਚਾ ਕੀਤਾ ਗਿਆ ਸੀ। ਇਨ੍ਹਾਂ ਸਬੰਧਾਂ ਨੂੰ 2012 ਵਿਚ ਇੱਕ ਰਣਨੀਤਕ ਭਾਈਵਾਲੀ ਅਤੇ 2022 ਵਿਚ ਇੱਕ ਵਿਆਪਕ ਰਣਨੀਤਕ ਭਾਈਵਾਲੀ ਤੱਕ ਉੱਚਾ ਕੀਤਾ ਗਿਆ ਸੀ। ਫਿਲੀਪੀਨਜ਼, ਆਸੀਆਨ ਦੇ ਮੌਜੂਦਾ ਚੇਅਰਮੈਨ ਵਜੋਂ, ਮਨੀਲਾ ਵਿਚ ਸੰਗਠਨ ਦੇ ਸਾਲਾਨਾ ਸੰਮੇਲਨ ਅਤੇ ਸੰਬੰਧਿਤ ਮੀਟਿੰਗਾਂ ਦੀ ਮੇਜ਼ਬਾਨੀ ਕਰਦਾ ਹੈ।

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor®
ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।
Contact : Cell (209) 550-1704
220 - A Standiford Ave, Modesto, CA 95350, kkaur@mycvre.com

Mann & Associates Insurance Services, Inc.
Medicare Supplement Plans
• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ
• The American Rescue Plan passed by President Biden could save you hundreds or even thousands of dollars a month.
• There is more financial help than ever before
• Even if you didn't qualify for subsidies before, now you might be able to save thousands on health insurance premiums.
• Huge tax credits are available only if you apply thru Covered California
• ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਪਾਸ ਕੀਤੀ ਗਈ ਅਮਰੀਕੀ ਬਚਾਅ ਯੋਜਨਾ ਤੁਹਾਨੂੰ ਮਹੀਨੇ ਵਿੱਚ ਹਜ਼ਾਰਾਂ ਡਾਲਰ ਦੀ ਬਚਤ ਕਰਵਾ ਸਕਦੀ ਹੈ।
• ਪਹਿਲਾਂ ਨਾਲੋਂ ਬਹੁਤੇ ਵਿੱਤੀ ਮਦਦ ਮਿਲਦੀ ਹੈ।
• ਭਾਵੇਂ ਤੁਸੀਂ ਪਹਿਲਾਂ ਸਬਸਿਡੀਆਂ ਲਈ ਯੋਗਤਾ ਪੂਰੀ ਨਹੀਂ ਕਰਦੇ ਹੋ, ਪਰ ਹੁਣ ਤੁਸੀਂ ਸਿਹਤ ਬੀਮਾ ਪ੍ਰੀਮੀਅਮਾਂ 'ਤੇ ਹਜ਼ਾਰਾਂ ਲੋਕਾਂ ਨੂੰ ਬਚਾਉਣ ਦੇ ਯੋਗ ਹੋ ਸਕਦੇ ਹੋ।
• ਭਾਰੀ ਟੈਕਸ ਰੈਬਿਟ ਕੇਵਲ ਜਾਂ ਹੀ ਉਪਲਬਧ ਹੁੰਦੇ ਹਨ, ਜੇ ਤੁਸੀਂ ਕਵਰਡ ਕੈਲੀਫੋਰਨੀਆ ਦੁਆਰਾ ਅਰਜ਼ੀ ਦਿੰਦੇ ਹੋ।
Inderjeet Singh Mann
CA Lic# 0H82488
ਹੈਲਥ ਇੰਸੋਰੈਂਸ ਨਾ ਕਰਵਾਉਣ 'ਤੇ ਰੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।
Anthem
Certified Insurance Agent
Ph.: (916) 900-2000

Certified INSURANCE AGENT
COVERED CALIFORNIA
Free Confidential Help
Call : Gurcharan Singh Mann
Medicare
Licensed Insurance Agent
CA Lic # 0C70672
CALL TO ENROL
510-557-0061

Space available for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Ph: (414) 551-0530
Simranveer Singh
Realtor
The JRP Group
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com www.thepalfilms.com

JRP REALTY GROUP

A TRADITION OF REAL ESTATE EXCELLENCE

SERVING CALIFORNIA FOR COMMERCIAL REAL ESTATE NEEDS

Specializing in all Types of Commercial Proprtries

Gas Stations, Apartments, Commercial Buildings, Liquor stores and Land

CALL TODAY TO BUY/SELL YOUR REAL ESTATE/ BUSINESS



Jaswant S.Pannu
Office: 209-900-1994
Cell: 408-340-0157
jaswantpannu@yahoo.com



Raman Singh
Cell: 209-605-6500
Office: 209-213-5811
BRE #10889002

We do commercial loans for businesses, gas stations, lands and commercial properties

We provide the best in class evaluation for your real estate/business to maximize the profits for you



For more properties or business, contact us.



LOVEPREET KAUR
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

LENDINGASSETS
Elevating Your Mortgage Experience

Home Loan ਘਰਾਂ ਦੇ ਲੋਨ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

Refinance @2.75% APR or lower



Apply online at www.lendingassets.com and check out the live lowest rates on our website

ONLY WAY TO GROW YOUR BUSINESS FASTER

BNG

(Business Network Gateway)

We work for you to

Boost Your Business

VIDEO ADVERTISEMENTS

We make professional video advertisements for your business in Punjabi, Hindi & English



POSTERS DESIGN

We design flyers, Posters and
Post Cards to promote your business



BUSINESS CARD DESIGN

WE DESIGN YOUR
BUSINESS CARD



SOCIAL MEDIA HANDLERS

We can manage your Business social media handlers Facebook, instagram & YouTube



24/7 TECH SUPPORT

We provide 24/7 tech support



For more information call

Boota Singh Basi +1 (209) 303-1260

www.sanjhisoch.com
PATTRON: HARJIT BASI
MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH
DAILY NEWSPAPER
2601 Oakdale Road,
Suite H2-167 Modesto,
CA 95355 USA
Cell: (209) 303-1260
Email: info@sanjhisoch.com
Visit at: www.sanjhisoch.com

‘ਵਿਸ਼ਵ ਗੁਰੂ’ ਬਣਦੇ ਭਾਰਤ ਦਾ ਕੌੜਾ ਸੱਚ: ਗੰਦਗੀ ਅਤੇ ਪ੍ਰਦੂਸ਼ਣ



ਗੁਰਮੀਤ ਸਿੰਘ ਪਲਾਹੀ
98158-02070

ਅੱਜ-ਕੱਲ੍ਹ ਦੇਸ਼ ਵਿੱਚ ਵਧਦਾ ਹੋਇਆ ਹਵਾ ਪ੍ਰਦੂਸ਼ਣ ਸਿਰਫ਼ ਵਾਤਾਵਰਣ ਦਾ ਮਸਲਾ ਨਹੀਂ ਰਿਹਾ, ਸਗੋਂ ਇਹ ਮਨੁੱਖੀ ਸਿਹਤ ਲਈ ਇੱਕ ਵੱਡਾ ਅਤੇ ਗੰਭੀਰ ਸੰਕਟ ਬਣਦਾ ਜਾ ਰਿਹਾ ਹੈ। ਪਰਾਲੀ ਸਾੜਨ ਤੋਂ ਲੈ ਕੇ ਪਟਾਕਿਆਂ ਅਤੇ ਆਵਾਜਾਈ (ਪਰਿਵਹਨ) ਤੱਕ, ਹਰ ਪਾਸੇ ਇੱਕ-ਦੂਜੇ ਉੱਤੇ ਦੋਸ਼ ਮੜ੍ਹੇ ਜਾ ਰਹੇ ਹਨ। ਸਿਆਸੀ ਅਤੇ ਸਮਾਜਿਕ ਪੱਧਰ ’ਤੇ ਅਸਲ ਗੁਨਾਹਗਾਰ ਲੱਭਣ ਦੀ ਬਜਾਏ ਜ਼ਿੰਮੇਵਾਰੀ ਤੋਂ ਭੱਜਣ ਦੀ ਹੋੜ ਲੱਗੀ ਹੋਈ ਹੈ। ਜਿਸ ਦੇਸ਼ ਨੂੰ ‘ਵਿਸ਼ਵ ਗੁਰੂ’ ਬਣਨ ਦੇ ਵੱਡੇ-ਵੱਡੇ ਸੁਪਨੇ ਦਿਖਾਏ ਜਾ ਰਹੇ ਹਨ, ਅਸਲ ਹਕੀਕਤ ਇਹ ਹੈ ਕਿ ਅੱਜ ਭਾਰਤ ਗੰਦਗੀ ਅਤੇ ਪ੍ਰਦੂਸ਼ਣ ਦੇ ਮਾਮਲੇ ਵਿੱਚ ‘ਵਿਸ਼ਵ ਗੁਰੂ’ ਕਹਾਉਣ ਦੇ ਰਾਹ ਤੁਰ ਪਿਆ ਹੈ।

ਦਿੱਲੀ ਤੋਂ ਲੈ ਕੇ ਮੁੰਬਈ ਤੱਕ ਹਵਾ ਦੇ ਜ਼ਹਿਰੀਲੀ ਹੋਣ ਪਿੱਛੇ ਸਰਕਾਰਾਂ ਦੀ ਲਗਾਤਾਰ ਅਣਗਹਿਲੀ, ਨੀਤੀਗਤ ਕਮੀਆਂ ਅਤੇ ਆਮ ਲੋਕਾਂ ਵਿੱਚ ਜਾਗਰੂਕਤਾ ਦੀ ਘਾਟ ਸਿੱਧੇ ਤੌਰ ’ਤੇ ਜ਼ਿੰਮੇਵਾਰ ਹਨ। ਅੰਤਰਰਾਸ਼ਟਰੀ ਪੱਧਰ ’ਤੇ ਵੀ ਜਦੋਂ ਅਸੀਂ ਦੁਨੀਆ ਦੇ ਹੋਰ ਵਿਕਸਤ ਦੇਸ਼ਾਂ ਨਾਲ ਆਪਣੀ ਤੁਲਨਾ ਕਰਦੇ ਹਾਂ, ਤਾਂ ਸਾਡੀ ਤਸਵੀਰ ਬੇਹੱਦ ਚਿੰਤਾਜਨਕ ਅਤੇ ਸ਼ਰਮਨਾਕ ਨਜ਼ਰ ਆਉਂਦੀ ਹੈ।

ਇਸ ਗੰਭੀਰ ਸੰਕਟ ਪਿੱਛੇ ਭੂਗੋਲਿਕ, ਆਰਥਿਕ ਅਤੇ ਨੀਤੀਗਤ ਕਾਰਨ ਆਪਸ ਵਿੱਚ ਉਲਝੇ ਹੋਏ ਹਨ। ਗੰਗਾ-ਯਮੁਨਾ ਦੇ ਮੈਦਾਨੀ ਇਲਾਕਿਆਂ ਵਿੱਚ ਸਰਦੀਆਂ ਦੀ ਸ਼ੁਰੂਆਤ ਹੁੰਦਿਆਂ ਹੀ ਹਵਾ ਦੀ ਰਫ਼ਤਾਰ ਹੌਲੀ ਹੋ ਜਾਂਦੀ ਹੈ ਅਤੇ ਠੰਢੀ ਹਵਾ ਹੇਠਾਂ ਦੱਬ ਕੇ ਪ੍ਰਦੂਸ਼ਕਾਂ ਨੂੰ ਜ਼ਮੀਨ ਦੇ ਨੇੜੇ ਜਕੜ ਲੈਂਦੀ ਹੈ। ਨਵੰਬਰ ਦੇ ਪਹਿਲੇ ਪੰਦਰਵਾੜੇ ਵਿੱਚ ਪਰਾਲੀ, ਪਟਾਕਿਆਂ ਅਤੇ ਵਾਹਨਾਂ ਦਾ ਧੂੰਆਂ ਇਕੱਠਾ ਹੋ ਕੇ ਸਥਿਤੀ ਨੂੰ ਬਦਤਰ ਬਣਾ ਦਿੰਦਾ ਹੈ।

ਦੂਜੇ ਪਾਸੇ, ਸਾਡੀਆਂ ਨੀਤੀਆਂ ਅਕਸਰ ਰਾਜਾਂ ਦੀਆਂ ਸੀਮਾਵਾਂ ਵਿੱਚ ਕੈਦ ਰਹਿੰਦੀਆਂ ਹਨ, ਜਦਕਿ ਹਵਾ ਪ੍ਰਦੂਸ਼ਣ ਕਿਸੇ ਸੂਬੇ ਜਾਂ ਸ਼ਹਿਰ ਦੀ ਹੱਦ ਨਹੀਂ ਮੰਨਦਾ। ਦਿੱਲੀ ਦੀ ਹਵਾ ਨੂੰ ਹਰਿਆਣਾ, ਪੰਜਾਬ ਅਤੇ ਉੱਤਰ ਪ੍ਰਦੇਸ਼ ਦਾ ਪ੍ਰਦੂਸ਼ਣ ਵੀ ਪ੍ਰਭਾਵਿਤ ਕਰਦਾ ਹੈ। ਇਸ ਤੋਂ ਇਲਾਵਾ ਅੰਕੜਿਆਂ ਅਤੇ ਜਵਾਬਦੇਹੀ ਦੀ ਘਾਟ ਕਾਰਨ ਇਹ ਗੰਭੀਰ ਮੁੱਦਾ ਮਹਿਜ਼ ਸਿਆਸੀ ਬਿਆਨਬਾਜ਼ੀ ਤੱਕ ਸੀਮਤ ਰਹਿ ਜਾਂਦਾ ਹੈ।

ਪ੍ਰਦੂਸ਼ਣ ਦੇ ਇਸ ਵਰਤਾਰੇ ਦਾ ਇੱਕ ਅਤਿ-ਮੁੱਖ ਅਤੇ ਅਣਗੌਲਿਆ ਪੱਖ ਆਰਥਿਕ ਤੌਰ ’ਤੇ ਕਮਜ਼ੋਰ ਵਰਗ ਦੇ ਲੋਕਾਂ ਦੀ ਬੇਵਸੀ ਨਾਲ ਜੁੜਿਆ ਹੋਇਆ ਹੈ। ਦੇਸ਼ ਦੇ ਕਰੋੜਾਂ ਲੋਕ ਅਜਿਹੇ ਹਨ ਜੋ ਆਰਥਿਕ ਤੌਰ ’ਤੇ ਇੰਨੇ ਕਮਜ਼ੋਰ ਹਨ ਕਿ ਉਨ੍ਹਾਂ ਕੋਲ ਸਵੱਛ ਊਰਜਾ, ਆਧੁਨਿਕ ਰਸੋਈ ਉਪਕਰਨਾਂ ਜਾਂ ਐਲ.ਪੀ.ਜੀ. ਸਿਲੰਡਰਾਂ ਨੂੰ ਨਿਰੰਤਰ ਵਰਤਣ ਦੇ ਸਾਧਨ ਨਹੀਂ ਹਨ।

ਗਰੀਬੀ ਅਤੇ ਮਹਿੰਗਾਈ ਦੇ ਚਲਦਿਆਂ ਇਹ ਪਰਿਵਾਰ ਮਜਬੂਰੀ ਵੱਸ ਰਸੋਈ ਵਿੱਚ ਲੱਕੜੀ, ਪਾਥੀਆਂ ਅਤੇ ਹੋਰ ਪ੍ਰਦੂਸ਼ਣ ਫੈਲਾਉਣ ਵਾਲਾ ਰਵਾਇਤੀ ਬਾਲਣ ਵਰਤਣ ਲਈ ਕਈ ਹਾਲਤਾਂ ਵਿੱਚ ਮਜ਼ਬੂਰ ਹੁੰਦੇ ਹਨ। ਰਸੋਈ ਦੇ ਵਿੱਚ ਵਰਤੇ ਜਾਣ ਵਾਲੇ ਇਹ ਸਾਧਨ ਅਤੇ ਉਪਕਰਨ ਘਰਾਂ ਦੇ ਅੰਦਰ ਹੀ ਭਾਰੀ ਮਾਤਰਾ ਵਿੱਚ ਜ਼ਹਿਰੀਲਾ ਧੂੰਆਂ ਅਤੇ ਪ੍ਰਦੂਸ਼ਣ ਪੈਦਾ ਕਰਦੇ ਹਨ, ਜਿਸ ਨੂੰ ਅਸੀਂ ਸਿਰਫ਼ ਬਾਹਰੀ ਵਾਤਾਵਰਣ ਦੇ ਪ੍ਰਦੂਸ਼ਣ ਦੇ ਤੌਰ ’ਤੇ ਹੀ ਵੇਖਣ, ਵਾਚਣ ਲੱਗ ਪਏ ਹਾਂ ਜਦਕਿ ਇਹ ਸਿੱਧਾ ਗਰੀਬ ਪਰਿਵਾਰਾਂ ਦੀਆਂ ਮਾਵਾਂ-ਭੈਣਾਂ ਅਤੇ ਮਾਸੂਮ ਬੱਚਿਆਂ ਦੀ ਸਿਹਤ ਉੱਤੇ ਘਾਤਕ ਪ੍ਰਭਾਵ ਪਾਉਂਦਾ ਹੈ। ਆਰਥਿਕ ਤੋਟ ਅਤੇ ਬੇਵਸੀ ਕਾਰਨ ਇਨ੍ਹਾਂ ਵਰਗਾਂ ਕੋਲ ਕੋਈ ਦੂਜਾ ਬਦਲ ਨਹੀਂ ਹੁੰਦਾ, ਅਤੇ ਇਹੀ ਅਣਗੌਲੀ ਬੇਵਸੀ ਸਮੁੱਚੇ ਪ੍ਰਦੂਸ਼ਣ ਦੇ ਗ੍ਰਾਫ਼ ਨੂੰ ਹੋਰ ਉੱਪਰ ਚੁੱਕਣ ਵਿੱਚ ਅਸਿੱਧੇ ਤੌਰ ’ਤੇ ਵੱਡਾ ਯੋਗਦਾਨ ਪਾਉਂਦੀ ਹੈ।

ਇਸ ਮਸਲੇ ਨੂੰ ਠੱਲ੍ਹ ਪਾਉਣ ਲਈ ਜਿੱਥੇ ਸਰਕਾਰਾਂ ਵੱਲੋਂ ਸਮੇਂ-ਸਮੇਂ ’ਤੇ ਯਤਨ ਕੀਤੇ ਜਾ ਰਹੇ ਹਨ, ਉੱਥੇ ਹੀ ਹੁਣ ਕੇਂਦਰ ਸਰਕਾਰ ਨੇ ਵੀ ਇਸ ਗੰਭੀਰਤਾ ਨੂੰ ਸਮਝਦਿਆਂ ਇੱਕ ਵੱਡਾ ਫ਼ੈਸਲਾ ਲਿਆ ਹੈ। ਸਰਕਾਰ ਵੱਲੋਂ ਦੇਸ਼ ਭਰ ਵਿੱਚ ਅਜਿਹੀਆਂ ਫੈਕਟਰੀਆਂ ਅਤੇ ਉਦਯੋਗਿਕ ਇਕਾਈਆਂ ਨੂੰ ਚਿੰਨਿਤ ਕਰਕੇ ਬੰਦ ਕਰਨ ਦੀ ਤਿਆਰੀ ਕੀਤੀ ਗਈ ਹੈ ਜਿਨ੍ਹਾਂ ਦੀ ਅਸਲ ਮਾਇਨਿਆਂ ਵਿੱਚ ਆਧੁਨਿਕ ਵਿਕਾਸ ਲਈ ਕੋਈ ਬਹੁਤੀ ਲੋੜ ਨਹੀਂ ਹੈ ਜਾਂ ਜੋ ਬੇਲੋੜਾ ਤੇ ਅੰਨ੍ਹਾ ਪ੍ਰਦੂਸ਼ਣ ਫੈਲਾ ਰਹੀਆਂ ਹਨ। ਸਰਕਾਰ ਵੱਲੋਂ ਲਗਭਗ 1200 ਦੇ ਕਰੀਬ ਪ੍ਰਦੂਸ਼ਿਤ ਅਤੇ ਗੈਰ-ਜ਼ਰੂਰੀ ਫੈਕਟਰੀਆਂ ਨੂੰ ਬੰਦ ਕਰਨ ਦਾ ਸਖ਼ਤ ਫ਼ੈਸਲਾ ਲਿਆ ਗਿਆ ਹੈ ਤਾਂ ਜੋ ਹਵਾ ਦੀ ਗੁਣਵੱਤਾ ਨੂੰ ਸੁਧਾਰਿਆ ਜਾ ਸਕਦਾ ਹੈ। ਭਾਵੇਂ ਸਰਕਾਰੀ ਪੱਧਰ ’ਤੇ ਅਜਿਹੇ ਯਤਨ ਜਾਰੀ ਹਨ, ਪਰ ਸਮੱਸਿਆ ਦੀ ਵਿਸ਼ਾਲਤਾ ਅੱਗੇ ਇਹ ਕਦਮ ਉਦੋਂ ਤੱਕ ਨਾਕਾਫ਼ੀ ਜਾਪਦੇ ਹਨ ਜਦੋਂ ਤੱਕ ਜ਼ਮੀਨੀ ਪੱਧਰ ’ਤੇ ਸਰਵਜਨਕ ਜਾਗਰੂਕਤਾ ਅਤੇ ਸਖ਼ਤੀ ਨੂੰ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਜਾਂਦਾ।

ਉਦਯੋਗਾਂ ਅਤੇ ਵਿਕਾਸ ਦੇ ਨਾਂ ’ਤੇ ਕੁਦਰਤ ਨਾਲ ਹੋ ਰਿਹਾ ਖਿਲਵਾੜ ਵੀ ਇਸ ਪ੍ਰਦੂਸ਼ਣ ਸੰਕਟ ਨੂੰ ਹੋਰ ਡੂੰਘਾ ਕਰ ਰਿਹਾ ਹੈ। ਇੱਕ ਪਾਸੇ ਜਿੱਥੇ ਉਦਯੋਗਾਂ ਦਾ ਪਸਾਰ ਹੋ ਰਿਹਾ ਹੈ, ਉੱਥੇ ਹੀ ਅੰਕੜੇ ਦੱਸਦੇ ਹਨ ਕਿ ਭਾਰਤ ਵਿੱਚ ਪਿਛਲੇ ਤਿੰਨ ਸਾਲਾਂ ਦੌਰਾਨ 828 ਵਰਗ ਕਿਲੋਮੀਟਰ ਜੰਗਲ ਉਦਯੋਗਾਂ ਦੇ ਹਵਾਲੇ ਕਰ ਦਿੱਤੇ ਗਏ ਹਨ। ਯਾਦ ਰਹੇ ਕਿ ਭਾਰਤ ਵਿੱਚ ਕੁੱਲ ਜੰਗਲਾਤ ਖੇਤਰ 7,15,342 ਵਰਗ ਕਿਲੋਮੀਟਰ ਹੈ, ਜੋ ਦੇਸ਼ ਦੇ ਕੁੱਲ ਭੂਗੋਲਿਕ ਖੇਤਰ ਦਾ 21.76 ਫੀਸਦੀ ਬਣਦਾ ਹੈ। ਪੰਜਾਬ ਵਰਗੇ ਸੂਬੇ ਵਿੱਚ ਤਾਂ ਸਥਿਤੀ ਜ਼ਿਆਦਾ ਚਿੰਤਾਜਨਕ ਹੈ, ਕਿਉਂਕਿ ਇੱਥੇ ਜੰਗਲਾਤ ਦੀ ਪਹਿਲਾਂ ਹੀ ਭਾਰੀ ਘਾਟ ਹੈ, ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਡਿੱਗ ਰਿਹਾ ਹੈ ਅਤੇ ਹਵਾ ਪ੍ਰਦੂਸ਼ਣ ਨਾਲ ਜੂਝ ਰਹੇ ਪੰਜਾਬ ਵਿੱਚ ਵੀ 753 ਹੈਕਟੇਅਰ ਜੰਗਲਾਤ ਜ਼ਮੀਨ ਗ਼ੈਰ-ਜੰਗਲੀ ਕੰਮਾਂ ਲਈ ਪਿਛਲੇ ਤਿੰਨਾਂ ਸਾਲਾਂ ਵਿੱਚ ਵਰਤਣ ਦੀ ਮਨਜ਼ੂਰੀ ਦਿੱਤੀ ਗਈ ਹੈ। ਜੰਗਲਾਤ ਦੀ ਇਸ ਲਗਾਤਾਰ ਕਮੀ ਅਤੇ ਕਟਾਈ ਨਾਲ ਤਾਪਮਾਨ ਵਧ ਰਿਹਾ ਹੈ, ਮੀਂਹ ਦਾ ਪੈਟਰਨ ਬਦਲ ਰਿਹਾ ਹੈ, ਮਿੱਟੀ ਦਾ ਖੋਰਨ ਹੋ ਰਿਹਾ ਹੈ ਅਤੇ ਪਾਣੀ ਦੀ ਉਪਲਬਧਤਾ ਪ੍ਰਭਾਵਿਤ ਹੋ ਰਹੀ ਹੈ। ਵਾਤਾਵਰਣ ਦਾ ਇਹ ਵਿਗੜਿਆ ਸੰਤੁਲਨ ਸਿੱਧੇ ਸ਼ਬਦਾਂ ਵਿੱਚ ਮਨੁੱਖੀ ਸਿਹਤ ਉੱਤੇ ਬਹੁਤ ਵੱਡਾ ਅਤੇ ਘਾਤਕ ਅਸਰ ਪਾ ਰਿਹਾ ਹੈ।

ਅੰਤਰਰਾਸ਼ਟਰੀ ਸੰਦਰਭ ਵਿੱਚ ਗੰਦਗੀ ਅਤੇ ਪ੍ਰਦੂਸ਼ਣ ਦੇ ਮਾਮਲੇ ਵਿੱਚ ਭਾਰਤ ਦੀ ਸਥਿਤੀ ਬਹੁਤ ਭਿਆਨਕ ਹੈ। ਸਵਿਟਜ਼ਰਲੈਂਡ ਦੀ ਸੰਸਥਾ (ਆਈ.ਕਿਊ.ਏ.ਆਈ.ਆਰ.) ਦੀ ਵਿਸ਼ਵ ਹਵਾ ਗੁਣਵੱਤਾ ਰਿਪੋਰਟ ਵਿੱਚ 143 ਦੇਸ਼ਾਂ ਅਤੇ ਖੇਤਰਾਂ ਦੇ 9,446 ਸ਼ਹਿਰਾਂ ਦੇ ਅੰਕੜੇ ਦੇਖੇ ਗਏ। ਇਸ ਅੰਤਰਰਾਸ਼ਟਰੀ ਵਿਸ਼ਲੇਸ਼ਣ ਵਿੱਚ ਇਹ ਹੈਰਾਨ ਕਰਨ ਵਾਲਾ ਤੱਥ ਸਾਹਮਣੇ ਆਇਆ ਕਿ ਦੁਨੀਆ ਦੇ 25 ਸਭ ਤੋਂ ਸੁਰੱਖਿਅਤ ਸ਼ਹਿਰ ਭਾਰਤ, ਪਾਕਿਸਤਾਨ ਅਤੇ ਚੀਨ ਤੋਂ ਬਾਹਰ ਯੂਰਪ ਅਤੇ ਅਮਰੀਕੀ ਖੇਤਰਾਂ ਵਿੱਚ ਪਾਏ ਗਏ, ਜਦਕਿ ਸਭ ਤੋਂ ਵੱਧ ਪ੍ਰਦੂਸ਼ਿਤ ਚਾਰ ਸ਼ਹਿਰਾਂ ਵਿੱਚੋਂ ਤਿੰਨ ਭਾਰਤ ਵਿੱਚ ਦੇਖੇ ਗਏ। ਉੱਤਰ ਪ੍ਰਦੇਸ਼ ਦਾ ਲੋਨੀ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਰਿਹਾ। ਜਿਸ ਦਾ ਸਾਲਾਨਾ ਔਸਤ ਬਰੀਕ ਧੂੜ ਦੇ ਕਣ ਭਾਵ (ਪੀ.ਐਮ_2.5) 112.5 ਮਾਈਕ੍ਰੋਗ੍ਰਾਮ ਪ੍ਰਤੀ ਟਨ ਰਿਹਾ। ਇਸ ਰਿਪੋਰਟ ਅਨੁਸਾਰ ਦਿੱਲੀ ਚੌਥੇ ਸਥਾਨ ’ਤੇ ਸੀ ਅਤੇ ਸਮੁੱਚੇ ਤੌਰ ’ਤੇ ਭਾਰਤ ਦੁਨੀਆ ਦੇ ਸਭ ਤੋਂ ਪ੍ਰਦੂਸ਼ਿਤ ਦੇਸ਼ਾਂ ਵਿੱਚ ਛੇਵੇਂ ਸਥਾਨ ’ਤੇ ਰਿਹਾ। ਇਸ ਦੇ ਉਲਟ ਅਮਰੀਕਾ ਅਤੇ ਯੂਰਪੀ ਦੇਸ਼ਾਂ ਦਾ ਹਾਲ ਇਸ ਤੋਂ ਬਹੁਤ ਵੱਖਰਾ ਅਤੇ ਬਿਹਤਰ ਹੈ; ਅਮਰੀਕਾ ਵਿੱਚ ਵਾਰਸ਼ਿਕ ਔਸਤ ਸਿਰਫ਼ 7.3 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਰਿਹਾ, ਹਾਲਾਂਕਿ ਕਨੇਡਾ ਵਿੱਚ ਅਮਰੀਕਾ ਦੇ ਜੰਗਲਾਂ ਦੀ ਅੱਗ ਦੇ ਧੂੰਏਂ ਨੇ ਕਈ ਇਲਾਕਿਆਂ ਦਾ ਔਸਤ ਜ਼ਰੂਰ ਵਧਾਇਆ। ਯੂਰਪੀ ਕਹਾਣੀ ਮਿਲੀ-ਜੁਲੀ ਹੈ ਜਿੱਥੇ 23 ਦੇਸ਼ਾਂ ਵਿੱਚ ਬਰੀਕ ਧੂੜ ਦੇ ਕਣ ਭਾਵ (ਪੀ.ਐਮ_2.5) ਵਧਿਆ ਅਤੇ 18.5 ਘਟਿਆ।

ਰਾਸ਼ਟਰੀ ਅਤੇ ਵਿਸ਼ਵਵਿਆਪੀ ਅੰਕੜੇ ਇਸ ਭਿਆਨਕ ਤਸਵੀਰ ਦੀ ਪੁਸ਼ਟੀ ਕਰਦੇ ਹਨ ਕਿ ਪ੍ਰਦੂਸ਼ਣ ਸਾਡੀ ਹੋਂਦ ਲਈ ਕਿੰਨਾ ਵੱਡਾ ਖ਼ਤਰਾ ਬਣ ਚੁੱਕਾ ਹੈ। ਹੈਲਥ ਇਫਿਕਟਸ ਇਨਸਟੀਚੀਊਟ ਦੀ ਰਿਪੋਰਟ ਅਨੁਸਾਰ, ਸਾਲ 2023 ਵਿੱਚ ਦੁਨੀਆ ਭਰ ਵਿੱਚ ਹਵਾ ਪ੍ਰਦੂਸ਼ਣ ਕਾਰਨ 79 ਲੱਖ ਮੌਤਾਂ ਹੋਈਆਂ, ਜਿਨ੍ਹਾਂ ਵਿੱਚੋਂ 20 ਲੱਖ ਤੋਂ ਵੱਧ ਮੌਤਾਂ ਇਕੱਲੇ ਭਾਰਤ ਅਤੇ ਚੀਨ ਵਿੱਚ ਦਰਜ ਕੀਤੀਆਂ ਗਈਆਂ। ਭਾਰਤ ਵਿੱਚ ਪ੍ਰਦੂਸ਼ਣ ਨਾਲ ਹੋਣ ਵਾਲੀਆਂ ਮੌਤਾਂ ਦੀ ਦਰ ਪ੍ਰਤੀ ਇੱਕ ਲੱਖ ਦੀ ਆਬਾਦੀ ਪਿੱਛੇ 186 ਹੈ, ਜਦਕਿ ਉੱਚ-ਆਮਦਨ ਵਾਲੇ ਦੇਸ਼ਾਂ ਵਿੱਚ ਇਹ ਦਰ ਸਿਰਫ਼ 17 ਹੈ। ਭਾਰਤ ਵਿੱਚ ਪ੍ਰਦੂਸ਼ਣ ਨਾਲ ਹੋਈਆਂ ਮੌਤਾਂ ਵਿੱਚੋਂ 89 ਫੀਸਦੀ ਮੌਤਾਂ ਫੇਫੜਿਆਂ ਦੇ ਰੋਗ, ਫੇਫੜਿਆਂ ਦਾ ਕੈਂਸਰ, ਦਿਲ ਦੀਆਂ ਬਿਮਾਰੀਆਂ ਅਤੇ ਸ਼ੂਗਰ ਵਰਗੀਆਂ ਗੰਭੀਰ ਬਿਮਾਰੀਆਂ ਨਾਲ ਜੁੜੀਆਂ ਹੋਈਆਂ ਹਨ। ‘ਜਰਨਲ ਆਫ਼ ਵੈਸਕੂਲਰ ਐਂਡ ਡਾਇਬਟੀਜ਼ ਡਿਜ਼ੀਜ਼ਜ਼’ ਵਿੱਚ ਛਪੇ ਇੱਕ ਵਿਸ਼ਲੇਸ਼ਣ ਮੁਤਾਬਕ, ਬਰੀਕ ਧੂੜ ਦੇ ਕਣ ਭਾਵ (ਪੀ.ਐਮ_2.5) ਦੇ ਲੰਮੇ ਸੰਪਰਕ ਵਿੱਚ ਰਹਿਣ ਨਾਲ ਟਾਈਪ-2 ਸ਼ੂਗਰ ਦਾ ਖ਼ਤਰਾ 10 ਤੋਂ 16 ਫੀਸਦੀ ਤੱਕ ਵਧ ਜਾਂਦਾ ਹੈ।

ਦਿੱਲੀ ਦੇ ਪ੍ਰਦੂਸ਼ਣ ਅਤੇ ਇਸ ਉੱਤੇ ਦੇਸ਼ ਦੀ ਸੁਪਰੀਮ ਕੋਰਟ ਦੀ ਗੰਭੀਰਤਾ ਨੂੰ ਸਮਝਣਾ ਵੀ ਬੇਹੱਦ ਜ਼ਰੂਰੀ ਹੈ। ਦਿੱਲੀ ਵਿੱਚ ਪਹਿਲੇ ਸਪਤਾਹ ਵਿੱਚ ਦਿੱਲੀ ਐੱਨ.ਸੀ.ਆਰ. ਵਿੱਚ ਬਰੀਕ ਧੂੜ ਦੇ ਕਣ ਭਾਵ (ਪੀ.ਐਮ_2.5) ਦੀ ਔਸਤ 236 ਮਾਈਕ੍ਰੋਗ੍ਰਾਮ ਪ੍ਰਤੀ ਟਨ ਮੀਟਰ ਰਹੀ, ਜੋ ਕਿ ਪਿਛਲੇ ਸਾਲਾਂ ਦੇ ਮੁਕਾਬਲੇ ਕਈ ਗੁਣਾ ਜ਼ਿਆਦਾ ਸੀ ਅਤੇ ਤਿੰਨ ਸਾਲਾਂ ਵਿੱਚ ਸਭ ਤੋਂ ਉੱਚਾ ਪੱਧਰ ਸੀ। ਜਦੋਂ ਦੇਸ਼ ਵਿੱਚ ਕੋਵਿਡ ਦੇ ਦਿਨਾਂ ਦੌਰਾਨ ਐਮਰਜੈਂਸੀ ਸਥਿਤੀ ਲਗਾਈ ਗਈ ਸੀ ਤਾਂ ਉਸ ਸਮੇਂ ਵਾਧੂ ਪ੍ਰਦੂਸ਼ਣ ਨੂੰ ਐਮਰਜੈਂਸੀ ਹਾਲਾਤ ਵਿੱਚ ਦੇਖਿਆ ਗਿਆ ਸੀ ਅਤੇ ਵੱਡੀ ਚਿੰਤਾ ਬਣ ਗਈ ਸੀ। ਠੀਕ ਉਸੇ ਤਰ੍ਹਾਂ ਅੱਜ ਦਿੱਲੀ ਅਤੇ ਆਸਪਾਸ ਦੇ ਖੇਤਰਾਂ ਵਿੱਚ ਹਰ ਸਾਲ ਸਰਦੀਆਂ ਵਿੱਚ ਬਣਨ ਵਾਲੀ ਹਾਲਤ ਕਿਸੇ ਐਮਰਜੈਂਸੀ ਤੋਂ ਘੱਟ ਨਹੀਂ ਹੁੰਦੀ। ਸੁਪਰੀਮ ਕੋਰਟ ਨੇ ਇਸ ਮਾਮਲੇ ’ਤੇ ਬੜੀ ਗੰਭੀਰਤਾ ਦੇ ਨਾਲ ਵਾਰ-ਵਾਰ ਟਿੱਪਣੀਆਂ ਕੀਤੀਆਂ ਹਨ। ਅਦਾਲਤ ਨੇ ਸਪੱਸ਼ਟ ਤੌਰ ’ਤੇ ਆਖਿਆ ਹੈ ਕਿ ਨਾਗਰਿਕਾਂ ਨੂੰ ਸਾਫ਼ ਹਵਾ ਵਿੱਚ ਸਾਹ ਲੈਣ ਦਾ ਮੌਲਿਕ ਅਧਿਕਾਰ ਹੈ ਅਤੇ ਪ੍ਰਦੂਸ਼ਣ ਦੇ ਨਾਂ ’ਤੇ ਸਿਰਫ਼ ਸਿਆਸੀ ਦੂਸ਼ਣਬਾਜ਼ੀ ਕਰਨ ਨਾਲ ਮਸਲਾ ਹੱਲ ਨਹੀਂ ਹੋਵੇਗਾ। ਸੁਪਰੀਮ ਕੋਰਟ ਨੇ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਫਟਕਾਰ ਲਗਾਉਂਦਿਆਂ ਕਿਹਾ ਹੈ ਕਿ ਪਰਾਲੀ ਸਾੜਨ, ਵਾਹਨਾਂ ਦੇ ਧੂੰਏਂ ਅਤੇ ਉਸਾਰੀ ਕਾਰਜਾਂ ਦੀ ਗੰਦਗੀ ਨੂੰ ਰੋਕਣ ਲਈ ਸਖ਼ਤ ਤੋਂ ਸਖ਼ਤ ਕਾਨੂੰਨੀ ਕਦਮ ਚੁੱਕੇ ਜਾਣ ਅਤੇ ਇਸ ਮਾਮਲੇ ਵਿੱਚ ਕੋਈ ਵੀ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਅਦਾਲਤ ਨੇ ਇੱਥੋਂ ਤੱਕ ਆਖਿਆ ਹੈ ਕਿ ਜੇਕਰ ਸਰਕਾਰਾਂ ਅਤੇ ਪ੍ਰਸ਼ਾਸਨ ਨੇ ਸਮਾਂ ਰਹਿੰਦੇ ਠੋਸ ਕਦਮ ਨਾ ਚੁੱਕੇ ਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸਦਾ ਹੋਰ ਵੀ ਭਾਰੀ ਖਮਿਆਜ਼ਾ ਭੁਗਤਣਾ ਪਵੇਗਾ। ਇਸ ਗੰਭੀਰ ਸੰਕਟ ਵਿੱਚੋਂ ਨਿਕਲਣ ਲਈ ਸਿਰਫ਼ ਬਟਨ ਦਬਾ ਕੇ ਹੱਲ ਨਹੀਂ ਨਿਕਲ ਸਕਦਾ, ਸਗੋਂ ਸਾਂਝੇ ਅਤੇ ਠੋਸ ਕਦਮ ਚੁੱਕਣ ਦੀ ਲੋੜ ਹੈ। ਮਾਹਿਰਾਂ ਅਨੁਸਾਰ ਪੂਰੇ ਉੱਤਰੀ ਭਾਰਤ ਨੂੰ ਇੱਕ ‘ਏਅਰਸ਼ੈੱਡ’ (ਇੱਕ ਇਕਾਈ) ਮੰਨ ਕੇ ਸਾਂਝੀ ਨੀਤੀ ਬਣਾਈ ਜਾਣੀ ਚਾਹੀਦੀ ਹੈ, ਨਾ ਕਿ ਸੂਬਿਆਂ ਨੂੰ ਆਪਸ ਵਿੱਚ ਉਲਝਾਇਆ ਜਾਵੇ।

ਦਿੱਲੀ ਵਰਗੀਆਂ ਥਾਵਾਂ ’ਤੇ ਪ੍ਰਦੂਸ਼ਣ ਦੇ ਨਿਯਮਾਂ ਵਿੱਚ ਵ

ਇਸ ਦੀਵਾਲੀ ਮਿਠਾਸ ਤੇ
ਖੁਸ਼ੀਆਂ ਦਾ ਸੁਆਦ ਮਾਣੋ!

STAR INDIA
SWEETS & CATERING
By Ashok Verma

ਦੀਵਾਲੀ ਦੀਆਂ ਖ਼ਾਸ ਮਿਠਾਈਆਂ ਤੇ ਪਕਵਾਨ:
ਦੇਸੀ ਘਿਓ ਦੀਆਂ ਜਲੇਬੀਆਂ, ਸੁਆਦਿਸ਼ਟ ਮਠਿਆਈਆਂ ਤੇ
ਦੀਵਾਲੀ ਦੇ ਖ਼ਾਸ ਪਕਵਾਨ ਅਤੇ ਹੋਰ ਵੀ ਬਹੁਤ ਕੁਝ!





CATERING SERVICES
ਵਿਆਹਾਂ • ਪਾਰਟੀਆਂ • ਹਰ ਤਰ੍ਹਾਂ ਦੇ ਸਮਾਗਮਾਂ ਲਈ
100 ਤੋਂ 2000 ਮਹਿਮਾਨਾਂ ਤੱਕ ਖਾਣੇ ਦਾ ਸ਼ਾਨਦਾਰ ਪ੍ਰਬੰਧ!

CONTACT US
209-629-8511 | 209-858-1380
Cell: 209-681-5171
www.starindiacatering.com

OUR ADDRESS
209 E. Louise Avenue,
Lathrop, California 95330, USA.

STAR INDIA
ਹਰ ਖੁਸ਼ੀ ਦਾ ਸੁਆਦ, ਹਰ ਮੌਕੇ ਦੀ ਸ਼ਾਨ

ਕਹਾਣੀ ਦਰਬਾਰ 'ਹੱਡ ਬੀਤੀਆਂ ਜੱਗ ਬੀਤੀਆਂ'

ਮਿਲਾਨ
ਸਰਬਜੀਤ ਸਿੰਘ

ਕੌਮਾਂਤਰੀ ਪੰਜਾਬੀ ਕਾਫ਼ਲਾ ਇਟਲੀ ਵੱਲੋਂ ਔਨਲਾਈਨ ਕਹਾਣੀ ਦਰਬਾਰ ਪ੍ਰੋਗਰਾਮ 'ਹੱਡ ਬੀਤੀਆਂ ਜੱਗ ਬੀਤੀਆਂ' ਕਰਵਾਇਆ ਗਿਆ ਜਿਸ ਵਿੱਚ ਸਭ ਤੋਂ ਪਹਿਲਾਂ ਕਾਫਲਾ ਪ੍ਰਧਾਨ ਨਾਵਲਕਾਰ ਬਿੰਦਰ ਕੋਲੀਆਂ ਵਾਲ ਵੱਲੋਂ ਪ੍ਰੋਗਰਾਮ ਵਿੱਚ ਸਭ ਨੂੰ ਜੀ ਆਇਆਂ ਆਖਿਆ ਗਿਆ ਤੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਪ੍ਰੋਗਰਾਮ ਵਿੱਚ ਹਾਜ਼ਰੀ ਭਰ ਰਹੇ ਸਾਰੇ ਕਹਾਣੀਕਾਰਾਂ ਨੂੰ ਪ੍ਰਿੰਸੀਪਲ ਲਖਬੀਰ ਸਿੰਘ ਨੇ ਜੀ ਆਇਆਂ ਕਹਿੰਦਿਆਂ ਕਹਾਣੀ ਬਾਰੇ ਆਪਣੇ ਵਿਚਾਰਾਂ ਦੀ ਸਾਂਝ ਪਾਈ। ਮੰਚ ਸੰਚਾਲਨ ਹਰ ਵਾਰ ਦੀ ਤਰ੍ਹਾਂ ਸਰਬਜੀਤ ਸਿੰਘ ਜਰਮਨੀ ਨੇ ਕੀਤਾ। ਇਸ ਕਹਾਣੀ ਦਰਬਾਰ ਵਿੱਚ ਪੰਜਾਬ ਦੇ ਕਈ ਵੱਖ-ਵੱਖ ਸ਼ਹਿਰਾਂ, ਸਿਰਸਾ/ਹਰਿਆਣਾ, ਇਟਲੀ, ਜਰਮਨੀ ਅਤੇ ਕਨੇਡਾ ਤੋਂ ਕਹਾਣੀਕਾਰਾਂ ਨੇ ਭਾਗ ਲਿਆ ਜਿਨ੍ਹਾਂ ਵਿੱਚ ਨਾਵਲਕਾਰ ਬਿੰਦਰ ਕੋਲੀਆਂ ਵਾਲ (ਇਟਲੀ), ਸਰਬਜੀਤ ਸਿੰਘ (ਜਰਮਨੀ), ਪੱਤਰਕਾਰ ਜਸਵੀਰ ਸਿੰਘ ਝੱਜ(ਪੰਜਾਬ), ਲੇਖਕਾਂ ਮਨਜੀਤ ਕੌਰ ਧੀਮਾਨ(ਲੁਧਿਆਣਾ), ਲੇਖਕ ਕਰਨੈਲ ਸਿੰਘ ਅਸਪਾਲ (ਸਿਰਸਾ/ਹਰਿਆਣਾ), ਪ੍ਰਿੰਸੀਪਲ ਲਖਬੀਰ ਸਿੰਘ ਸਟੇਟ ਐਵਾਰਡ(ਸੁਲਤਾਨਪੁਰ ਲੋਧੀ), ਪ੍ਰਿੰਸੀਪਲ ਹਰਸ਼ਰਨ ਕੌਰ (ਕਨੇਡਾ) ਹਾਜ਼ਰ ਹੋਏ।

ਕਿਸੇ ਕਹਾਣੀਕਾਰ ਨੇ ਹੱਡ ਬੀਤੀ ਤੇ ਕਿਸੇ ਨੇ ਜੱਗਬੀਤੀ ਕਹਾਣੀ ਸੁਣਾ ਕੇ ਵਾਹ ਵਾਹ ਖੱਟੀ। ਇਸ ਕਹਾਣੀ ਦਰਬਾਰ ਵਿੱਚ ਇੱਕ ਸੋਹਣੀ ਕੁੜੀ ਨਾਲ ਉਸ ਨਾਲ ਸਮਾਜ ਵਿੱਚ ਮਰਦਾਂ ਵੱਲੋਂ ਹੁੰਦੇ ਵਰਤਾਰੇ, ਦੀਵਾਲੀ ਮਨਾਉਣ ਸਮੇਂ ਪਟਾਕੇ ਨਹੀਂ ਸਗੋਂ ਬੂਟੇ ਲਾ ਕੇ ਵਾਤਾਵਰਨ ਨੂੰ ਬਚਾਉਣ ਦੀ ਗੱਲ, ਪੰਜਾਬ ਦੇ ਨੌਜਵਾਨ ਖਿਡਾਰੀਆਂ ਨਾਲ ਮਾਂ ਖੇਡ ਕਬੱਡੀ ਦੇ ਨਾਮ ਤੇ ਹੁੰਦੇ ਕੋਚਾਂ ਤੇ ਕਲੱਬਾਂ ਵਲੋਂ ਮਾੜੇ ਵਤੀਰੇ ਤੇ ਉਹਨਾਂ ਨਾਲ ਹੁੰਦੀ ਸਰੀਰਕ ਤੇ ਪੈਸੇ ਦੀ ਲੁੱਟ, ਆਪਣੀ ਜੰਮਣ ਭੋਂ ਨਾਲ ਜੁੜੇ ਰਹਿਣ, ਅਮਰੀਕਾ ਜਾ ਕੇ ਆਪਾ ਕੀ ਲੈਣਾ ਜਦੋਂ ਸਾਡਾ ਕੰਮ ਪੰਜਾਬ ਵਿੱਚ ਹੀ ਅਮਰੀਕਾ ਤੋਂ ਵਧੀਆ ਚੱਲਦਾ, ਪਰਦੇਸ ਨਹੀਂ ਸਗੋਂ ਮਿਹਨਤ



ਕਰਕੇ ਪੰਜਾਬ ਵਿੱਚ ਤਰੱਕੀ ਕਰਨਾ, ਸ਼ਰਾਬੀ ਪਤੀ ਦੀ ਵੇਲਣੇ ਨਾਲ ਚੰਗੀ ਤਰ੍ਹਾਂ ਸੇਵਾ ਕਰਨੀ ਆਦਿ ਸਮਾਜਿਕ ਵਿਸ਼ਿਆਂ ਨੂੰ ਬਾਖੂਬੀ ਬਿਆਨ ਕੀਤਾ ਗਿਆ। ਹਰ ਇੱਕ ਕਹਾਣੀ ਦਾ ਵਿਸ਼ਾ, ਵਿਸਥਾਰ, ਪਾਤਰ ਤੇ ਸਿੱਖਿਆ ਬਹੁਤ ਵਧੀਆ ਤੇ ਨਿਵੇਕਲੀ ਹੋਣ ਕਰਕੇ ਸਾਰੇ ਕਹਾਣੀਕਾਰਾਂ ਨੇ ਕਹਾਣੀ ਦਰਬਾਰ ਦਾ ਬਹੁਤ ਵਧੀਆ ਢੰਗ ਨਾਲ਼ ਅਨੰਦ ਮਾਣਿਆ। ਪ੍ਰੋਗਰਾਮ ਦੇ ਅਖੀਰ ਵਿੱਚ ਪ੍ਰਿੰਸੀਪਲ ਹਰਸ਼ਰਨ ਕੌਰ ਨੇ ਸਾਰੇ ਹਾਜ਼ਰੀਨ ਮੈਂਬਰਾਂ ਦਾ ਦਿਲ ਦੀਆਂ ਗਹਿਰਾਈਆਂ ਵਿੱਚੋਂ ਸਤਿਕਾਰ ਸਹਿਤ ਧੰਨਵਾਦ ਕੀਤਾ ਤੇ ਅਗਲੇ ਹਫ਼ਤੇ ਇੱਕ ਨਵੇਂ ਪ੍ਰੋਗਰਾਮ ਨਾਲ ਮੁੜ ਮਿਲਣ ਦਾ ਵਾਅਦਾ ਕੀਤਾ।

ਆਈ.ਬੀ.ਐੱਮ ਵੱਲੋਂ ਐੱਚ-1ਬੀ ਵੀਜ਼ਾ ਅਤੇ ਗ੍ਰੀਨ ਕਾਰਡ ਸਪਾਂਸਰਸ਼ਿਪ ਬੰਦ ਕਰਨ ਦਾ ਫ਼ੈਸਲਾ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

'ਅਮਰੀਕਾ ਦੀ ਵੱਡੀ ਤਕਨਾਲੋਜੀ ਕੰਪਨੀ ਆਈ.ਬੀ.ਐੱਮ. ਨੇ ਵਿਦੇਸ਼ੀ ਮੁਲਾਜ਼ਮਾਂ ਲਈ ਇੱਕ ਅਹਿਮ ਫ਼ੈਸਲਾ ਲਿਆ ਹੈ। ਮੀਡੀਆ ਰਿਪੋਰਟਾਂ ਅਨੁਸਾਰ, ਕੰਪਨੀ ਨੇ ਆਪਣੇ ਕੰਸਲਟਿੰਗ ਵਿਭਾਗ ਦੀਆਂ ਜ਼ਿਆਦਾਤਰ ਨੌਕਰੀਆਂ ਲਈ ਐੱਚ-1ਬੀ ਵੀਜ਼ਾ ਅਤੇ ਗ੍ਰੀਨ ਕਾਰਡ ਦੀ ਸਪਾਂਸਰਸ਼ਿਪ ਬੰਦ ਕਰਨ ਦਾ ਫ਼ੈਸਲਾ ਕੀਤਾ ਹੈ।

ਇਸ ਫ਼ੈਸਲੇ ਨਾਲ ਖ਼ਾਸ ਕਰਕੇ ਉਨ੍ਹਾਂ ਵਿਦੇਸ਼ੀ ਮੁਲਾਜ਼ਮਾਂ ਦੀਆਂ ਮੁਸ਼ਕਲਾਂ ਵਧ ਸਕਦੀਆਂ ਹਨ, ਜਿਹੜੇ ਅਮਰੀਕਾ ਵਿਚ ਕੰਮ ਕਰਨ ਲਈ ਕੰਪਨੀ ਦੀ ਸਪਾਂਸਰਸ਼ਿਪ ਉੱਤੇ ਨਿਰਭਰ ਹਨ।

ਬਲੂਮਬਰਗ ਦੀ ਰਿਪੋਰਟ ਮੁਤਾਬਕ, ਪ੍ਰਭਾਵਿਤ ਮੁਲਾਜ਼ਮਾਂ ਨੂੰ ਇਸ ਸਾਲ ਦੇ ਅੰਤ ਤੱਕ ਦੋ ਵਿਕਲਪ ਦਿੱਤੇ ਗਏ ਹਨ। ਉਹ ਅਮਰੀਕਾ ਤੋਂ ਬਾਹਰ ਜਾ ਕੇ ਆਈ.ਬੀ.ਐੱਮ. ਲਈ ਕੰਮ ਜਾਰੀ ਰੱਖ ਸਕਦੇ ਹਨ ਜਾਂ ਕੰਪਨੀ ਦੀ ਨੌਕਰੀ ਛੱਡ ਸਕਦੇ ਹਨ।

ਇਹ ਫ਼ੈਸਲਾ ਐੱਚ-1ਬੀ ਵੀਜ਼ਾ ਅਤੇ ਪੀਈਆਰਐਮ ਪ੍ਰਕਿਰਿਆ ਨਾਲ ਜੁੜਿਆ ਹੋਇਆ ਹੈ। ਪੀਈਆਰਐਮ ਉਹ ਪ੍ਰਕਿਰਿਆ ਹੈ, ਜਿਸ ਰਾਹੀਂ ਕੰਪਨੀਆਂ ਵਿਦੇਸ਼ੀ ਮੁਲਾਜ਼ਮਾਂ ਲਈ ਰੁਜ਼ਗਾਰ ਆਧਾਰਿਤ ਗ੍ਰੀਨ ਕਾਰਡ ਦੀ ਕਾਰਵਾਈ ਸ਼ੁਰੂ ਕਰਦੀਆਂ ਹਨ।



ਅਮਰੀਕੀ ਕਿਰਤ ਵਿਭਾਗ ਦੇ ਅੰਕੜਿਆਂ ਅਨੁਸਾਰ, ਆਈ.ਬੀ.ਐੱਮ. ਨੇ ਵਿੱਤੀ ਸਾਲ 2026 ਦੌਰਾਨ 1,100 ਤੋਂ ਵੱਧ ਐੱਚ-1ਬੀ ਵੀਜ਼ਿਆਂ ਲਈ ਅਰਜ਼ੀਆਂ ਦਿੱਤੀਆਂ ਸਨ।

ਹਾਲਾਂਕਿ, ਇਹ ਅਜੇ ਸਪੱਸ਼ਟ ਨਹੀਂ ਕਿ ਕੰਪਨੀ ਦੇ ਮੌਜੂਦਾ ਐੱਚ-1ਬੀ ਮੁਲਾਜ਼ਮਾਂ ਅਤੇ ਪਹਿਲਾਂ ਤੋਂ ਚੱਲ ਰਹੀਆਂ ਗ੍ਰੀਨ ਕਾਰਡ ਅਰਜ਼ੀਆਂ ਉੱਤੇ ਕਿੰਨਾ ਅਸਰ ਪਵੇਗਾ।

ਇਹ ਖ਼ਬਰ ਅਜਿਹੇ ਸਮੇਂ ਆਈ ਹੈ, ਜਦੋਂ ਟਰੰਪ ਪ੍ਰਸ਼ਾਸਨ ਵੱਲੋਂ ਰੁਜ਼ਗਾਰ ਆਧਾਰਿਤ ਇਮੀਗ੍ਰੇਸ਼ਨ ਨਿਯਮਾਂ ਦੀ ਜਾਂਚ ਸਖ਼ਤ ਕੀਤੀ ਜਾ ਰਹੀ ਹੈ।

ਭਾਰਤੀ ਮੂਲ ਦੇ ਹਜ਼ਾਰਾਂ ਪੇਸ਼ੇਵਰ ਅਮਰੀਕਾ ਵਿਚ ਐੱਚ-1ਬੀ ਵੀਜ਼ੇ ਉੱਤੇ ਕੰਮ ਕਰਦੇ ਹਨ।

ਇਸ ਲਈ ਆਈ.ਬੀ.ਐੱਮ. ਦੇ ਇਸ ਫ਼ੈਸਲੇ ਨੇ ਵਿਦੇਸ਼ੀ ਮੁਲਾਜ਼ਮਾਂ ਵਿਚ ਚਿੰਤਾ ਵਧਾ ਦਿੱਤੀ ਹੈ।

ਮਾਹਿਰਾਂ ਅਨੁਸਾਰ, ਪ੍ਰਭਾਵਿਤ ਮੁਲਾਜ਼ਮਾਂ ਨੂੰ ਆਪਣੀ ਵੀਜ਼ਾ ਸਥਿਤੀ ਅਤੇ ਨੌਕਰੀ ਦੇ ਵਿਕਲਪਾਂ ਬਾਰੇ ਇਮੀਗ੍ਰੇਸ਼ਨ ਵਕੀਲ ਨਾਲ ਸਲਾਹ ਕਰਨੀ ਚਾਹੀਦੀ ਹੈ।

ਟੋਰਾਂਟੋ 'ਚ ਲਗਜ਼ਰੀ ਕਾਰਾਂ ਚੋਰੀ ਕਰਨ ਵਾਲੇ ਗਿਰੋਹ ਦੇ ਗ੍ਰਿਫ਼ਤਾਰ 12 ਮੁਲਜਮਾਂ ਕੋਲੋਂ ਚੋਰੀ ਦੀਆਂ 96 ਗੱਡੀਆਂ ਬਰਾਮਦ

ਟੋਰਾਂਟੋ
ਸਾਂਝੀ ਸੋਚ ਬਿਊਰੋ

ਗਰੇਟਰ ਟੋਰਾਂਟੋ ਏਰੀਆ (ਜੀ.ਟੀ.ਏ) ਵਿਚ ਸਰਗਰਮ ਇੱਕ ਵੱਡੇ ਅੰਤਰਰਾਸ਼ਟਰੀ ਵਾਹਨ ਚੋਰ ਗਰੋਹ ਦਾ ਪਰਦਾਫਾਸ਼ ਕਰਦਿਆਂ ਪੀਲ ਰਿਜਨਲ ਪੁਲਿਸ ਅਤੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐੱਸ.ਏ) ਨੇ ਸਾਂਝੀ ਕਾਰਵਾਈ ਦੌਰਾਨ ਦੋ ਪੰਜਾਬੀ ਨੌਜਵਾਨਾਂ ਸਮੇਤ ਕੁੱਲ 12 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਮੁਲਜ਼ਮਾਂ ਖ਼ਿਲਾਫ਼ 231 ਸੰਗੀਨ ਦੋਸ਼ ਆਇਦ ਕਰਦਿਆਂ ਕਰੀਬ 4.5 ਮਿਲੀਅਨ ਡਾਲਰ (45 ਲੱਖ ਡਾਲਰ) ਮੁੱਲ ਦੀਆਂ 96 ਚੋਰੀ ਦੀਆਂ ਮਹਿੰਗੀਆਂ ਗੱਡੀਆਂ ਬਰਾਮਦ ਕੀਤੀਆਂ ਹਨ। ਪੁਲਿਸ ਵੱਲੋਂ ਜਾਰੀ ਕੀਤੀ ਗਈ ਗ੍ਰਿਫ਼ਤਾਰ ਮੁਲਜ਼ਮਾਂ ਦੀ ਸੂਚੀ ਵਿਚ ਦੋ ਪੰਜਾਬੀ ਮੂਲ ਦੇ ਨੌਜਵਾਨ ਵੀ ਸ਼ਾਮਲ ਹਨ, ਜਿਨ੍ਹਾਂ ਦੀ ਪਛਾਣ ਕਰਮਵੀਰ ਸਿੰਘ (26) ਵਾਸੀ ਬਰੈਂਪਟਨ ਅਤੇ ਜਸਪ੍ਰੀਤ ਸਿੰਘ (25) (ਬਿਨਾਂ ਕਿਸੇ ਪੱਕੇ ਪਤੇ ਤੋਂ) ਵਜੋਂ ਹੋਈ ਹੈ।

ਪੁਲਿਸ ਅਨੁਸਾਰ ਕਰਮਵੀਰ ਸਿੰਘ ਖ਼ਿਲਾਫ਼ ਅਪਰਾਧ ਰਾਹੀਂ ਹਾਸਲ ਕੀਤੀ ਜਾਇਦਾਦ ਰੱਖਣ ਦੇ ਚਾਰ ਅਤੇ 5,000 ਡਾਲਰ ਤੋਂ ਵੱਧ ਦੀ ਚੋਰੀ ਦੇ ਸਾਮਾਨ ਦੀ ਤਸਕਰੀ ਕਰਨ ਦੇ ਚਾਰ ਮਾਮਲੇ ਦਰਜ ਕੀਤੇ ਗਏ ਹਨ, ਜਦਕਿ ਜਸਪ੍ਰੀਤ ਸਿੰਘ ਖ਼ਿਲਾਫ਼ ਇਨ੍ਹਾਂ ਦੋਵਾਂ ਧਾਰਾਵਾਂ ਤਹਿਤ ਇੱਕ-ਇੱਕ ਮਾਮਲਾ ਦਰਜ ਕੀਤਾ ਗਿਆ ਹੈ। ਇਨ੍ਹਾਂ ਤੋਂ ਇਲਾਵਾ ਗ੍ਰਿਫ਼ਤਾਰ ਕੀਤੇ ਗਏ ਬਾਕੀ ਮੁਲਜ਼ਮਾਂ ਵਿੱਚ ਸਟੈਨਲੀ ਉਦੇਹ (46) ਵਾਸੀ ਬਰੈਂਪਟਨ, ਟੋਰਾਂਟੋ ਵਾਸੀ ਓਡੇਵਾਲੇ ਅਬਰਾਹਮ (57), ਓਲੁਯੋਮੀ ਸੋਦਾਦੇ (51), ਟੋਸਿਨ ਡੈਮੀਲੋਲਾ ਓਏਬਾਦੇ (45), ਓਲੁਵਾਸੇਈ ਓਲਾਵਾਲੇ ਬਾਮੇਕੇ (39), ਓਲੁਸ਼ੋਲਾ ਓਕੇ (42), ਵੌਨ ਵਾਸੀ ਗਬੋਲਾਹਾਨ ਕੁਦੁਸ ਬਾਬਾਤੁੰਦੇ (29), ਕਿਊਬਿਕ ਦੇ ਸੇਂਟ ਜੇਰੋਮ ਵਾਸੀ ਡੈਰਿਲ ਡੇਵਾਂਸ (25), ਅਤੇ ਬਿਨਾਂ ਕਿਸੇ ਪੱਕੇ ਪਤੇ ਵਾਲੇ ਹੈਨਰਿਕ ਗੈਂਕਜ਼ (57) ਤੇ ਕੈਨੇਥ ਓਕਾਫੋਰ (58) ਸ਼ਾਮਲ ਹਨ। ਪੁਲਿਸ ਵੱਲੋਂ ਇਸ ਵਿਸ਼ੇਸ਼ ਮੁਹਿੰਮ ਨੂੰ 'ਪ੍ਰੋਜੈਕਟ ਕੈਡੇਟਾ' ਦਾ ਨਾਮ ਦਿੱਤਾ ਗਿਆ ਸੀ, ਜਿਸ ਦੀ ਸ਼ੁਰੂਆਤ ਮਾਰਚ 2026 ਵਿਚ ਬਰੈਂਪਟਨ ਦੀ ਕੈਡੇਟਾ ਰੋਡ ਸਥਿਤ ਇੱਕ ਗੁਦਾਮ ਦੀ ਨਿਗਰਾਨੀ ਨਾਲ ਹੋਈ। ਜਾਂਚ ਵਿਚ ਸਾਹਮਣੇ ਆਇਆ ਕਿ ਇਸ ਟਿਕਾਣੇ ਦੀ ਵਰਤੋਂ ਚੋਰੀ ਕੀਤੇ ਵਾਹਨਾਂ ਨੂੰ ਲੁਕਾਉਣ ਅਤੇ ਸਮੁੰਦਰੀ ਕੰਟੇਨਰ ਵਿਚ ਲੋਡ ਕਰਕੇ ਕੈਨੇਡੀਅਨ ਬੰਦਰਗਾਹਾਂ ਰਾਹੀਂ ਪੱਛਮੀ ਅਫ਼ਰੀਕਾ ਭੇਜਣ ਲਈ ਕੀਤੀ ਜਾ ਰਹੀ ਸੀ। ਪੁਲਿਸ ਅਧਿਕਾਰੀਆਂ ਮੁਤਾਬਕ ਇਸ ਨੈੱਟਵਰਕ ਨੂੰ ਪੰਜ ਮੁੱਖ ਸਰਗਨੇ ਚਲਾ ਰਹੇ ਸਨ, ਜਦਕਿ ਬਾਕੀ ਸਾਥੀ ਗੱਡੀਆਂ ਦੇ ਜਾਅਲੀ ਵਹੀਕਲ ਆਈਡੈਂਟੀਫਿਕੇਸ਼ਨ ਨੰਬਰ ਤਿਆਰ ਕਰਨ, ਕੰਟੇਨਰ ਲੋਡ ਕਰਨ ਅਤੇ ਢੋਆ-ਢੁਆਈ ਵਿਚ ਮਦਦ ਕਰਦੇ ਸਨ। ਬਰਾਮਦ ਕੀਤੀਆਂ 96 ਗੱਡੀਆਂ ਵਿਚ ਲਗਜ਼ਰੀ ਐੱਸ.ਯੂ.ਵੀ. ਅਤੇ ਪਿਕ ਅੱਪ ਟਰੱਕ ਸ਼ਾਮਲ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਸਾਰੇ 12 ਮੁਲਜ਼ਮਾਂ ਨੂੰ ਕਾਨੂੰਨੀ ਪ੍ਰਕਿਰਿਆ ਅਤੇ ਜ਼ਮਾਨਤ ਸੁਣਵਾਈ ਉਪਰੰਤ ਰਿਹਾਅ ਕਰ ਦਿੱਤਾ ਗਿਆ ਹੈ। ਹਾਲਾਂਕਿ, ਪੁਲਿਸ ਨੇ ਸਪੱਸ਼ਟ ਕੀਤਾ ਹੈ ਕਿ ਅਪਰਾਧਿਕ ਮੁਕੱਦਮੇ ਪੂਰੇ ਹੋਣ ਤੋਂ ਬਾਅਦ ਇਨ੍ਹਾਂ ਵਿਚੋਂ ਕਈ ਮੁਲਜ਼ਮਾਂ ਦਾ ਮਾਮਲਾ ਇਮੀਗ੍ਰੇਸ਼ਨ ਕਾਰਵਾਈ ਅਤੇ ਕੈਨੇਡਾ ਤੋਂ ਡਿਪੋਰਟ ਕਰਨ ਲਈ ਸੀ.ਬੀ.ਐੱਸ.ਏ. ਨੂੰ ਸੌਂਪਿਆ ਜਾ ਸਕਦਾ ਹੈ। ਪੁਲਿਸ ਵੱਲੋਂ ਕੁਝ ਹੋਰ ਫ਼ਰਾਰ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਵਾਰੰਟ ਵੀ ਜਾਰੀ ਕੀਤੇ ਗਏ ਹਨ।



ਗੁਰਦੁਆਰਾ ਗੁਰਮਤਿ ਪ੍ਰਕਾਸ਼ ਮਨਟੀਕਾ
ਯਾਦਗਾਰੀ ਅਸਥਾਨ ਸੰਤ ਬਾਬਾ ਠਾਕੁਰ ਸਿੰਘ ਜੀ

2050 W. WOODWARD AVE MANTECA CA 95337
ਫੋਨ ਨੰਬਰ: 209-321-1733, 408-221-2511



ਸਲਾਨਾ ਨਗਰ ਕੀਰਤਨ

ਨਵੰਬਰ 29, 2026 ਐਤਵਾਰ

ਸਾਧ ਸੰਗਤ ਜੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸਾਹਿਬ ਜੀ
ਦੇ ਅਵਤਾਰ ਗੁਰਪੁਰਬ ਦੀ ਖੁਸ਼ੀ ਵਿੱਚ ਸਲਾਨਾ ਨਗਰ ਕੀਰਤਨ
29, ਨਵੰਬਰ ਨੂੰ ਸਜਾਇਆ ਜਾਵੇਗਾ ਜੀ।

ਵਿਸ਼ੇਸ਼ ਦੀਵਾਨ

20 ਨਵੰਬਰ ਦਿਨ ਸ਼ੁਕਰਵਾਰ ਤੋਂ 29 ਨਵੰਬਰ ਦਿਨ ਐਤਵਾਰ
ਤੱਕ ਵਿਸ਼ੇਸ਼ ਦੀਵਾਨ ਹੋਣਗੇ ਜੀ ,



ਭਾਈ ਜੱਥਾ ਭਾਈ ਤਰਸ਼ੇਮ ਸਿੰਘ ਜੀ
ਮੋਰੇਵਾਲੀ



ਰਾਗੀ ਜੱਥਾ ਭਾਈ ਜਸਪ੍ਰੀਤ ਸਿੰਘ ਭਾਈ
ਮਨਪ੍ਰੀਤ ਸਿੰਘ ਜੀ
ਫਤਹਿਗੜ੍ਹ ਸਾਹਿਬ ਵਾਲੇ



ਕਵੀਸ਼ਰੀ ਜੱਥਾ ਭਾਈ
ਸਰਵਣ ਸਿੰਘ ਜੀ

ਨੋਟ: ਅੰਮ੍ਰਿਤ ਸੰਚਾਰ ਅਤੇ ਨਿਸ਼ਾਨ ਸਾਹਿਬ ਦੀ ਸੇਵਾ
21, ਨਵੰਬਰ ਦਿਨ ਸ਼ਨੀਵਾਰ ਸਵੇਰੇ 9:00 ਤੋਂ 12:00 ਵਜੇ ਹੋਵੇਗੀ।

ਹੋਰ ਜਾਣਕਾਰੀ ਲਈ ਕਾਲ ਕਰੋ ਜੀ-
ਸੇਕਟਰੀ ਭਾਈ ਸਾਹਿਬ ਸਿੰਘ ਜੀ 408-221-2511

web -www.globaldrugtestinginc@gmail.com email -info@globaltruckpermits.com

ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ

GLOBAL TRUCK PERMITS

ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ

ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ

New Company Permits
IRP Plates
Trailer Plates
Truck ELD
DOT Drug Testing



DOT Drug Testing | Compliance Services | Driver Hiring

Driver Files | Safety Audit | Clearing House | Driver Management





“ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ”

ਰਾਜਿੰਦਰ ਟਾਂਡਾ

ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988

Address: 159 Darcy Pkwy Lathrop, CA 95330

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥੧॥

In Loving Memory of

Sardar Jaswinder Singh Sanghera



May 21, 1960 - November 7, 2026

FUNERAL SERVICE:
SATURDAY, NOVEMBER 21ST
1:30 PM

SHANT BHAVAN FUNERAL HOME
4800 E CLAYTON AVE, FOWLER, CA
93625

FOLLOWED BY ANTIM ARDAAS AT:
GURDWARA GUR NANAK PRAKASH
4250 E LINCOLN AVE FRESNO
3:30 PM

ਮੋਦੀ ਨੇ ਫਿਲੀਪੀਨਜ਼ 'ਚ ਆਸੀਆਨ ਭਾਰਤ ਸੰਮੇਲਨ ਵਿੱਚ ਲਿਆ ਹਿੱਸਾ

ਮਨੀਲਾ
ਸਾਂਝੀ ਸੋਚ ਬਿਊਰੋ



ਪ੍ਰਧਾਨ ਮੰਤਰੀ ਮੋਦੀ ਨੇ ਮੰਗਲਵਾਰ ਨੂੰ ਫਿਲੀਪੀਨਜ਼ ਦੀ ਰਾਜਧਾਨੀ ਮਨੀਲਾ ਵਿੱਚ ਆਸੀਆਨ-ਭਾਰਤ ਸੰਮੇਲਨ ਵਿੱਚ ਹਿੱਸਾ ਲਿਆ। ਇਸ ਮੌਕੇ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਦੁਨੀਆ ਨੇ ਪਿਛਲੇ ਕੁਝ ਸਾਲਾਂ ਵਿੱਚ ਬਹੁਤ ਸਾਰੇ ਸੰਕਟ ਦੇਖੇ ਹਨ। ਅਜਿਹੀ ਸਥਿਤੀ ਵਿੱਚ, ਅੱਜ ਦੁਨੀਆ ਨੂੰ ਸ਼ਾਂਤੀ, ਸਥਿਰਤਾ ਅਤੇ ਇੱਕ ਬਿਹਤਰ ਭਵਿੱਖ ਦੀ ਸਭ ਤੋਂ ਵੱਡੀ ਉਮੀਦ ਹੈ।ਪ੍ਰਧਾਨ ਮੰਤਰੀ ਮੋਦੀ ਨੇ ਅੱਗੇ ਕਿਹਾ ਕਿ ਭਾਰਤ ਦਾ ਵਿਕਾਸ ਅਤੇ ਆਸੀਆਨ ਦੇਸ਼ਾਂ ਦੀ ਖੁਸ਼ਹਾਲੀ ਡੂੰਘੇ ਆਪਸ ਵਿੱਚ ਜੁੜੇ ਹੋਏ ਹਨ। ਭਾਰਤ ਦੀ ਤਰੱਕੀ ਆਸੀਆਨ ਦੇਸ਼ਾਂ ਨੂੰ ਲਾਭ ਪਹੁੰਚਾਏਗੀ, ਅਤੇ ਆਸੀਆਨ ਦੀ ਖੁਸ਼ਹਾਲੀ ਭਾਰਤ ਦੇ ਵਿਕਾਸ ਨੂੰ ਤੇਜ਼ ਕਰੇਗੀ। ਉਨ੍ਹਾਂ ਕਿਹਾ ਕਿ ਵਿਕਸਤ ਭਾਰਤ 2047 ਅਤੇ ਆਸੀਆਨ ਦਾ ਵਿਜ਼ਨ 2045 ਉਨ੍ਹਾਂ ਦੀਆਂ ਸਾਂਝੀਆਂ ਇੱਛਾਵਾਂ ਨੂੰ ਪੂਰਾ ਕਰਨ ਵਿੱਚ ਮੁੱਖ ਭੂਮਿਕਾ ਨਿਭਾਏਗਾ। ਮੋਦੀ ਨੇ ਕਿਹਾ ਕਿ 2014 ਤੋਂ, ਭਾਰਤ ਨੇ ਲੋਕਾਂ-ਤੋਂ-ਲੋਕਾਂ ਦੇ ਸੰਪਰਕ ਨੂੰ ਵਧਾਉਣ ਲਈ 100 ਤੋਂ ਵੱਧ ਪਹਿਲਕਦਮੀਆਂ ਸ਼ੁਰੂ ਕੀਤੀਆਂ ਹਨ, ਲਗਭਗ 250 ਤੇਜ਼ ਪ੍ਰਭਾਵ ਪ੍ਰੋਜੈਕਟ ਸ਼ੁਰੂ ਕੀਤੇ ਹਨ ਅਤੇ ਹੁਨਰ ਵਿਕਾਸ ਲਈ 10,000 ਤੋਂ ਵੱਧ ਸਕਾਲਰਸ਼ਿਪ ਪ੍ਰਦਾਨ ਕੀਤੀ ਹੈ। ਮੋਦੀ ਅੱਜ ਸ਼ਾਮ 4 ਵਜੇ (ਭਾਰਤੀ ਸਮੇਂ ਅਨੁਸਾਰ) ਮਨੀਲਾ ਵਿੱਚ ਕਵਾਡ ਨੇਤਾਵਾਂ ਦੀ ਮੀਟਿੰਗ ਵਿੱਚ ਸ਼ਾਮਲ ਹੋਣਗੇ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ, ਜਾਪਾਨੀ ਪ੍ਰਧਾਨ ਮੰਤਰੀ ਸਨੇ ਤਾਕਾਚੀ ਅਤੇ ਆਸਟ੍ਰੇਲੀਆਈ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਵੀ ਮੌਜੂਦ ਰਹਿਣਗੇ।

ਪ੍ਰਧਾਨ ਮੰਤਰੀ ਮੋਦੀ ਦੀ ਰਾਸ਼ਟਰਪਤੀ ਟਰੰਪ ਨਾਲ ਮੁਲਾਕਾਤ ਮਨੀਲਾ 'ਚ 'ਕਵਾਡ' ਆਗੂਆਂ ਦੀ ਹੋਈ ਮੀਟਿੰਗ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਟਰੰਪ ਦੀ ਮੰਗਲਵਾਰ ਨੂੰ ਫਿਲੀਪੀਨਜ਼ ਵਿੱਚ ਮੁਲਾਕਾਤ ਹੋਈ। ਦੋਵੇਂ ਆਗੂ ਰਾਜਧਾਨੀ ਮਨੀਲਾ ਵਿੱਚ ਹੋ ਰਹੀ ਕਵਾਡ ਮੀਟਿੰਗ ਵਿੱਚ ਸ਼ਾਮਲ ਹੋਏ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਵਾਡ ਆਗੂਆਂ ਨਾਲ ਬੈਠਕ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਾਰੀਫ਼ ਕਰਦਿਆਂ ਉਨ੍ਹਾਂ ਨੂੰ 'ਬਹੁਤ ਟੱਫ ਮੈਨ' (ਬਹੁਤ ਸਖਤ ਤੇ ਮਜ਼ਬੂਤ ਇਰਾਦੇ ਵਾਲਾ ਇਨਸਾਨ) ਦੱਸਿਆ ਹੈ। ਟਰੰਪ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਬੇਹੱਦ ਮਜ਼ਬੂਤ ਸ਼ਖ਼ਸੀਅਤ ਵਾਲੇ ਆਗੂ ਹਨ ਅਤੇ ਉਨ੍ਹਾਂ ਨਾਲ ਅਮਰੀਕਾ ਦੇ ਚੰਗੇ ਸਬੰਧ ਹਨ।

ਟਰੰਪ ਨੇ ਇਹ ਵੀ ਕਿਹਾ ਕਿ ਕਵਾਡ ਦੇ ਮੈਂਬਰ ਦੇਸ਼ ਇਕੱਠੇ ਮਿਲ ਕੇ ਫੌਜੀ ਜੰਗੀ ਅਭਿਆਸ ਕਰਨਗੇ। ਕਵਾਡ ਬੈਠਕ 'ਚ ਪ੍ਰਧਾਨ ਮੰਤਰੀ ਮੋਦੀ, ਡੋਨਾਲਡ ਟਰੰਪ, ਜਾਪਾਨ ਦੀ ਪ੍ਰਧਾਨ ਮੰਤਰੀ ਸਾਨੇ ਤਾਕਾਈਚੀ ਅਤੇ ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਨੀਜ਼ ਸ਼ਾਮਲ ਹੋਏ ਹਨ।

ਟਰੰਪ ਨੇ ਬੈਠਕ ਦੌਰਾਨ ਈਰਾਨ 'ਤੇ ਬਿਆਨ ਦਿੰਦਿਆਂ ਕਿਹਾ ਕਿ ਈਰਾਨ ਇੱਕ 'ਪਾਗਲ ਦੇਸ਼' ਹੈ, ਅਤੇ ਇਸੇ ਵਜ੍ਹਾ ਕਰਕੇ ਉਸ ਨੂੰ ਪਰਮਾਣੂ ਹਥਿਆਰ ਹਾਸਲ ਨਹੀਂ ਕਰਨ ਦਿੱਤੇ ਜਾ ਸਕਦੇ। ਕਵਾਡ ਦੇਸ਼ਾਂ ਦੀ ਬੈਠਕ ਦੌਰਾਨ ਟਰੰਪ ਨੇ ਭਾਰਤ, ਜਾਪਾਨ ਅਤੇ ਆਸਟ੍ਰੇਲੀਆ ਨਾਲ ਕ੍ਰਿਟੀਕਲ ਮਿਨਰਲਜ਼ ਨੂੰ ਲੈ ਕੇ ਕਈ ਅਹਿਮ ਸਮਝੌਤਿਆਂ ਦਾ ਐਲਾਨ ਕੀਤਾ। ਟਰੰਪ ਨੇ ਕਿਹਾ ਕਿ ਇਨ੍ਹਾਂ ਸਮਝੌਤਿਆਂ ਦਾ ਮਕਸਦ ਚਾਰਾਂ ਦੇਸ਼ਾਂ ਦੀ ਸਪਲਾਈ ਚੇਨ ਨੂੰ ਸੁਰੱਖਿਅਤ ਕਰਨਾ ਅਤੇ ਕਿਸੇ ਇੱਕ ਵਿਦੇਸ਼ੀ ਸਪਲਾਇਰ 'ਤੇ ਨਿਰਭਰਤਾ ਨੂੰ ਘੱਟ ਕਰਨਾ ਹੈ। ਇਸ ਨਾਲ ਕਿਸੇ ਇੱਕ ਦੇਸ਼ ਨੂੰ ਦੂਜੇ ਦੇਸ਼ਾਂ 'ਤੇ ਆਰਥਿਕ ਦਬਾਅ ਬਣਾਉਣ ਦਾ ਮੌਕਾ ਨਹੀਂ ਮਿਲੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਸਮਝੌਤਿਆਂ ਨਾਲ ਚਾਰਾਂ ਦੇਸ਼ਾਂ ਦੀ ਤਾਕਤ ਵਧੇਗੀ ਅਤੇ ਉਨ੍ਹਾਂ ਦੀ ਸੁਰੱਖਿਆ ਮਜ਼ਬੂਤ ਹੋਵੇਗੀ।

ਮਨੀਲਾ ਦੇ ਗੁਰਦੁਆਰਾ ਖਾਲਸਾ ਦੀਵਾਨ ਵਿਖੇ ਹੋਏ ਨਤਮਸਤਕ

ਮਨੀਲਾ
ਸਾਂਝੀ ਸੋਚ ਬਿਊਰੋ



ਪ੍ਰਧਾਨ ਮੰਤਰੀ ਮੋਦੀ ਨੇ ਮੰਗਲਵਾਰ ਨੂੰ ਫਿਲੀਪੀਨਜ਼ ਦੀ ਰਾਜਧਾਨੀ ਮਨੀਲਾ ਵਿੱਚ 100 ਸਾਲ ਤੋਂ ਵੱਧ ਪੁਰਾਣੇ ਖਾਲਸਾ ਦੀਵਾਨ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਏ। ਇਸ ਮੌਕੇ ਉਨ੍ਹਾਂ ਨੇ ਗੁਰਦੁਆਰਾ ਸਾਹਿਬ ਇਮਾਰਤ ਦੀ ਮੁਰੰਮਤ ਅਤੇ ਨਵੀਨੀਕਰਨ ਦਾ ਨੀਂਹ ਪੱਥਰ ਵੀ ਰੱਖਿਆ। ਇਸ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਪ੍ਰਾਚੀਨ ਗੁਰਦੁਆਰੇ ਦਾ ਦੌਰਾ ਕਰਕੇ ਸੁਭਾਗ ਪ੍ਰਾਪਤ ਹੋਇਆ ਹੈ। ਵਿਦੇਸ਼ ਮੰਤਰਾਲੇ ਨੇ ਸੋਸ਼ਲ ਮੀਡੀਆ 'ਤੇ ਕਿਹਾ ਕਿ ਖਾਲਸਾ ਦੀਵਾਨ ਮਨੀਲਾ ਦਾ ਸਭ ਤੋਂ ਪੁਰਾਣਾ ਗੁਰਦੁਆਰਾ ਹੈ। ਇਹ ਗੁਰਦੁਆਰਾ ਸਾਹਿਬ 100 ਸਾਲਾਂ ਤੋਂ ਵੱਧ ਸਮੇਂ ਤੋਂ ਭਾਰਤ ਅਤੇ ਫਿਲੀਪੀਨਜ਼ ਵਿਚਕਾਰ ਦੋਸਤੀ ਅਤੇ ਸੱਭਿਆਚਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ।

ਜੇਲ੍ਹ ਤੋਂ ਬਾਹਰ ਆਏਗਾ ਅੰਮ੍ਰਿਤਪਾਲ ਸਿੰਘ

ਅੰਮ੍ਰਿਤਸਰ
ਸਾਂਝੀ ਸੋਚ ਬਿਊਰੋ



ਖਡੂਰ ਸਾਹਿਬ ਤੋਂ ਐੱਮਪੀ ਅੰਮ੍ਰਿਤਪਾਲ ਸਿੰਘ ਨੂੰ ਲੈ ਕੇ ਵੱਡੀ ਖਬਰ ਸਾਹਮਣੇ ਆਈ ਹੈ। ਅਕਾਲੀ ਦਲ (ਵਾਰਿਸ ਪੰਜਾਬ ਦੇ) ਨੇ ਦਾਅਵਾ ਕੀਤਾ ਹੈ ਕਿ 21 ਨਵੰਬਰ ਨੂੰ ਅੰਮ੍ਰਿਤਪਾਲ ਸਿੰਘ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਤੋਂ ਬਾਹਰ ਆਉਣਗੇ। ਉਨ੍ਹਾਂ ਨੇ ਇਸ ਸਬੰਧੀ ਸੋਸ਼ਲ ਮੀਡੀਆ 'ਤੇ ਪੋਸਟ ਵੀ ਪਾਈ ਹੈ।

ਦੱਸ ਦੇਈਏ ਕਿ ਅੰਮ੍ਰਿਤਪਾਲ ਆਪਣੀ ਦਾਦੀ ਚਰਨ ਕੌਰ ਦੇ ਅੰਤਿਮ ਸਸਕਾਰ 'ਤੇ ਬਾਹਰ ਆਉਣਾ ਚਾਹੁੰਦੇ ਹਨ। ਉਨ੍ਹਾਂ ਦਾ 8 ਨਵੰਬਰ ਨੂੰ ਦੇਹਾਂਤ ਹੋਇਆ ਸੀ, ਪਰਿਵਾਰ ਨੇ ਅਜੇ ਤੱਕ ਅੰਤਿਮ ਸਸਕਾਰ ਨਹੀਂ ਕੀਤਾ ਹੈ। ਅੰਮ੍ਰਿਤਪਾਲ ਨੂੰ 14 ਨਵੰਬਰ ਨੂੰ 3 ਘੰਟੇ ਦੀ ਕਸਟਡੀ ਪੈਰੋਲ ਮਿਲੀ ਸੀ, ਪਰ ਉਨ੍ਹਾਂ ਨੂੰ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਤੋਂ ਬਾਹਰ ਨਹੀਂ ਲਿਆਂਦਾ ਜਾ ਸਕਿਆ। ਜਿਸ ਤੋਂ ਬਾਅਦ ਉਨ੍ਹਾਂ ਦੇ ਵਕੀਲਾਂ ਨੇ 21 ਤੋਂ 23 ਨਵੰਬਰ ਤੱਕ ਪੈਰੋਲ ਦੀ ਮੰਗ ਕੀਤੀ ਹੈ।





Where Compassion Meets True LUXURY

Discover an exclusive living experience designed for seniors living with dementia, schizophrenia, bipolar disorder, and complex mental health needs where clinical excellence meets comfort, dignity, and elegance

Refundable deposit of $500,000 with 8% annual interest

Exclusive Long-Term Luxury Living Opportunity

With only **25 exclusive units** available, we offer limited availability for discerning residents seeking long term luxury care through compassionate support and refined living.

Luxury Living with Expert Care

- 24/7 Highly Trained Care Staff
- On-site Senior Psychologist
- Licensed Registered Nurse (RN)
- Regular visits by a psychiatrist and physician

Healing Garden Therapy

Serene outdoor garden designed for relaxation, featuring walking paths, sitting areas, and peaceful natural surrounding that support emotional well-being

Full-Service Lifestyle Assistance

- We schedule all doctor appointments,
- Staff escort residents to medical appointments,
- Transportation for church, shopping and outings.

Music Therapy

Guided therapeutic sessions using soothing music, drumming, and movement to reduce stress, enhance mood, lift spirits, and increase cognitive well-being

Daily Cost Ranges from $250 to $500 Per Day

depending on the level of care required.


St. Michael Assisted Living

Dinuba, CA

Location: Dinuba, CA

Contact: (925) 285-9881 (559) 915-9045

Website: www.stmichaelrcfe.com



DR. HARMESH KUMAR
PRESIDENT, CEO & PSYCHOLOGIST

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ!

ਗੁਰੂ ਰੂਪ ਸਾਧ ਸੰਗਤ ਜੀਓ,

ਸੈਨ ਹੋਜ਼ੇ ਗੁਰਦੁਆਰਾ ਸਾਹਿਬ ਵਿਖੇ **ਨਵੰਬਰ ਮਹੀਨੇ** ਦੌਰਾਨ ਵੱਖ-ਵੱਖ ਧਾਰਮਿਕ ਸਮਾਗਮ, ਗੁਰਪੁਰਬ ਅਤੇ ਵਿਸ਼ੇਸ਼ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ।

1 ਨਵੰਬਰ 2026
ਐਤਵਾਰ

1984 ਦੇ ਦਿੱਲੀ ਕਤਲੇਆਮ ਦੇ ਸ਼ਹੀਦਾਂ ਦੀ ਯਾਦ ਵਿੱਚ ਵਿਸ਼ੇਸ਼ ਸ਼ਹੀਦੀ ਸਮਾਗਮ

1984 ਦੇ ਦਿੱਲੀ ਕਤਲੇਆਮ ਦੇ ਸ਼ਹੀਦਾਂ ਦੀ ਯਾਦ ਵਿੱਚ ਵਿਸ਼ੇਸ਼ ਸ਼ਹੀਦੀ ਸਮਾਗਮ ਕਰਵਾਇਆ ਜਾਵੇਗਾ। ਆਓ, ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦਿਆਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰੀਏ।



3 ਨਵੰਬਰ 2026
ਮੰਗਲਵਾਰ

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਗੁਰਗੱਦੀ ਦਿਵਸ ਮੌਕੇ ਵਿਸ਼ੇਸ਼ ਸਮਾਗਮ

ਇਸ ਮੌਕੇ ਸਵੇਰ ਤੇ ਸ਼ਾਮ ਦੇ ਦੀਵਾਨ ਸਮੇਂ ਕੀਰਤਨ, ਗੁਰਮਤਿ ਵਿਚਾਰ, ਕਥਾ ਅਤੇ ਇਤਿਹਾਸ ਨਾਲ ਸੰਗਤ ਨੂੰ ਜੋੜਿਆ ਜਾਵੇਗਾ।



8 ਨਵੰਬਰ 2026
ਐਤਵਾਰ

ਬੰਦੀ ਛੋੜ ਦਿਵਸ ਅਤੇ ਦੀਵਾਲੀ ਦਾ ਪਾਵਨ ਦਿਹਾੜਾ

ਇਸ ਮੌਕੇ ਕੀਰਤਨ ਅਤੇ ਕਥਾ ਦਾ ਵਿਸ਼ੇਸ਼ ਪ੍ਰੋਗਰਾਮ ਹੋਵੇਗਾ।
ਸਮਾਂ: ਸਵੇਰੇ 4:30 ਵਜੇ ਤੋਂ ਰਾਤ 9:30 ਵਜੇ ਤੱਕ।



15 ਨਵੰਬਰ 2026
ਐਤਵਾਰ

ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਵਿਸ਼ੇਸ਼ ਸਮਾਗਮ

ਕੀਰਤਨ, ਕਥਾ ਅਤੇ ਗੁਰਮਤਿ ਵਿਚਾਰਾਂ ਰਾਹੀਂ ਬਾਬਾ ਦੀਪ ਸਿੰਘ ਜੀ ਦੀ ਮਹਾਨ ਸ਼ਹਾਦਤ ਅਤੇ ਸਿੱਖ ਪੰਥ ਲਈ ਉਨ੍ਹਾਂ ਦੇ ਯੋਗਦਾਨ ਨੂੰ ਯਾਦ ਕੀਤਾ ਜਾਵੇਗਾ।
ਸਮਾਂ: ਸਵੇਰੇ 4 ਵਜੇ ਤੋਂ 10 ਵਜੇ ਤੱਕ ਅਤੇ ਸ਼ਾਮ 4:45 ਵਜੇ ਤੋਂ 8:30 ਵਜੇ ਤੱਕ।



15 ਨਵੰਬਰ 2026
(ਵਿਸ਼ੇਸ਼ ਪ੍ਰੋਗਰਾਮ)
ਐਤਵਾਰ

ਵਿਸ਼ੇਸ਼ ਸਿੱਖ ਇਤਿਹਾਸ ਵਰਚੁਅਲ ਰਿਐਲਿਟੀ ਸ਼ੋਅ

ਇਸੇ ਦਿਨ, ਸੰਗਤ ਲਈ ਇੱਕ ਵਿਸ਼ੇਸ਼ ਸਿੱਖ ਇਤਿਹਾਸ ਵਰਚੁਅਲ ਰਿਐਲਿਟੀ ਸ਼ੋਅ ਵੀ ਕਰਵਾਇਆ ਜਾ ਰਿਹਾ ਹੈ। ਇਸ ਰਾਹੀਂ ਸੰਗਤ ਨੂੰ ਸਿੱਖ ਇਤਿਹਾਸ ਦਾ ਅਨੋਖਾ ਅਨੁਭਵ ਪ੍ਰਾਪਤ ਹੋਵੇਗਾ।
ਸਮਾਂ: ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ। ਸਥਾਨ: ਲੰਗਰ ਹਾਲ।



15 ਨਵੰਬਰ ਤੋਂ
24 ਨਵੰਬਰ 2026

ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਿਤ ਪ੍ਰਭਾਤ ਫੇਰੀਆਂ

ਇਹ ਪ੍ਰਭਾਤ ਫੇਰੀਆਂ ਹਰ ਰੋਜ਼ ਸਵੇਰੇ 4:30 ਵਜੇ ਤੋਂ 5:30 ਤੱਕ ਕੱਢੀਆਂ ਜਾਣਗੀਆਂ। ਸੰਗਤਾਂ ਨੂੰ ਇਨ੍ਹਾਂ ਪ੍ਰਭਾਤ ਫੇਰੀਆਂ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ।



20 ਨਵੰਬਰ 2026
ਸ਼ੁੱਕਰਵਾਰ

ਭਗਤ ਨਾਮਦੇਵ ਜੀ ਦਾ ਜਨਮ ਦਿਹਾੜਾ

ਭਗਤ ਨਾਮਦੇਵ ਜੀ ਦਾ ਜਨਮ ਦਿਹਾੜਾ ਵੀ ਬੜੀ ਧੂਮ ਧਾਮ ਨਾਲ ਮਨਾਇਆ ਜਾਵੇਗਾ।



21 ਨਵੰਬਰ 2026
ਸ਼ਨੀਵਾਰ

ਭਾਈਚਾਰਕ ਏਕਤਾ ਦੇ ਸੰਦੇਸ਼ ਨਾਲ 5K Walk/Run for Humanity

ਦਾਂ ਇੱਕ ਖਾਸ ਪ੍ਰੋਗਰਾਮ ਕਰਵਾਈ ਜਾ ਰਿਹਾਂ ਹੈ।



24 ਨਵੰਬਰ 2026
ਮੰਗਲਵਾਰ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਾਵਨ ਪ੍ਰਕਾਸ਼ ਪੁਰਬ

ਇਸ ਮੌਕੇ ਸਵੇਰੇ 4:30 ਵਜੇ ਤੋਂ 7:45 ਵਜੇ ਤੱਕ ਕੀਰਤਨ, ਕਥਾ ਅਤੇ ਚਾਡੀ ਵਾਰਾਂ ਦਾ ਵਿਸ਼ੇਸ਼ ਪ੍ਰੋਗਰਾਮ ਹੋਵੇਗਾ।



ਹਰ ਸੋਮਵਾਰ,
ਮੰਗਲਵਾਰ ਅਤੇ ਵੀਰਵਾਰ

ਗੁਰਦੁਆਰਾ ਸਾਹਿਬ ਦੇ ਸੀਨੀਅਰ ਸਿਟੀਜ਼ਨ ਸੈਂਟਰ ਵੱਲੋਂ ਬਜ਼ੁਰਗਾਂ ਲਈ **WEEKLY GET TOGETHER** ਦਾ ਵੀ ਪ੍ਰਬੰਧ ਕੀਤਾ ਗਿਆ ਹੈ।
ਸਮਾਂ: ਸਵੇਰੇ 11 ਵਜੇ ਤੋਂ ਦੁਪਹਿਰ 2 ਵਜੇ ਤੱਕ।



ਸੋ ਸਾਧ ਸੰਗਤ ਜੀਓ, ਨਵੰਬਰ ਮਹੀਨੇ ਦੌਰਾਨ ਹੋਣ ਵਾਲੇ ਇਨ੍ਹਾਂ ਸਾਰੇ ਧਾਰਮਿਕ ਅਤੇ ਸਮਾਜਿਕ ਸਮਾਗਮਾਂ ਵਿੱਚ ਆਪਣੇ ਪਰਿਵਾਰਾਂ ਸਮੇਤ ਪਹੁੰਚੋ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ
ਤੁਸੀਂ ਸੰਪਰਕ ਕਰੋ:
408-274-9373

ਸਥਾਨ:
3636 Gurdwara Avenue,
San Jose, California 95148

ਆਓ, ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨਾਲ ਜੁੜੀਏ,
ਆਪਣੇ ਬੱਚਿਆਂ ਨੂੰ ਸਿੱਖ ਇਤਿਹਾਸ ਨਾਲ ਜੋੜੀਏ
ਅਤੇ ਗੁਰੂ ਘਰ ਦੀਆਂ ਖੁਸ਼ੀਆਂ ਸਾਂਝੀਆਂ ਕਰੀਏ।

WE HAVE THE CHEAPEST FARES TO INDIA

LEGEND TRAVEL



JATINDER SINGH

arc accredited agency

CST # 207524-40

Special Fares To India
From
West-coast (us) On
Air India Direct Flights



LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US **(510) 797-9010**

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates · Cathay Pacific · Asiana Airlines · Jet Airways · China Airlines · British Airways · Singapore Airlines · Lufthansa · ANA

ਜਾਗਤ ਜੋਤ ਸਤਿਕਾਰ ਸੋਧ ਐਕਟ 'ਤੇ ਪੰਜਾਬ ਸਰਕਾਰ ਦੀ 7-ਮੈਂਬਰੀ ਤਾਲਮੇਲ ਕਮੇਟੀ ਭਲਕੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮਾਹਿਰ ਪੈਨਲ ਨਾਲ ਕਰੇਗੀ ਮੁਲਾਕਾਤ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਸਰਕਾਰ ਵੱਲੋਂ ਗਠਿਤ 7-ਮੈਂਬਰੀ ਤਾਲਮੇਲ ਕਮੇਟੀ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਦੀਆਂ ਵਿਵਸਥਾਵਾਂ 'ਤੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕਰਨ ਲਈ 18 ਨਵੰਬਰ ਨੂੰ ਦੁਪਹਿਰ 12 ਵਜੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਗਠਿਤ ਮਾਹਿਰ ਕਮੇਟੀ ਨਾਲ ਮੀਟਿੰਗ ਕਰੇਗੀ। ਇਹ ਮੀਟਿੰਗ ਡਿਪਟੀ ਕਮਿਸ਼ਨਰ ਦਫ਼ਤਰ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਕਮਰਾ ਨੰਬਰ 159 ਵਿੱਚ ਹੋਵੇਗੀ। ਪੰਜਾਬ ਸਰਕਾਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਹਿਰ ਕਮੇਟੀ ਨੂੰ ਇਸ ਮੀਟਿੰਗ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ ਤਾਂ ਜੋ ਦੋਵਾਂ ਕਮੇਟੀਆਂ ਦਰਮਿਆਨ ਸੁਹਿਰਦ ਅਤੇ ਸਦਭਾਵਨਾ ਵਾਲੇ ਮਾਹੌਲ ਵਿੱਚ ਸਿੱਧੀ ਗੱਲਬਾਤ ਹੋ ਸਕੇ। ਪੰਜਾਬ ਸਰਕਾਰ ਦੀ ਤਾਲਮੇਲ ਕਮੇਟੀ ਸੂਬੇ ਦੇ ਵੱਖ-ਵੱਖ ਹਿੱਸਿਆਂ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚ ਰਹੀ ਹੈ, ਜਿਸ ਦਾ ਮੁੱਖ ਉਦੇਸ਼ ਇਸ ਅਹਿਮ ਮਾਮਲੇ 'ਤੇ ਸਾਰਥਕ ਚਰਚਾ ਕਰਨਾ ਅਤੇ ਲੋੜ ਅਨੁਸਾਰ ਐਕਟ ਵਿੱਚ ਢੁਕਵੀਆਂ ਸੋਧਾਂ ਬਾਰੇ ਸਹਿਮਤੀ ਬਣਾਉਣਾ ਹੈ।

ਸੂਬਾ ਸਰਕਾਰ ਵੱਲੋਂ ਗਠਿਤ ਇਸ ਉੱਚ-ਪੱਧਰੀ ਸੱਤ-ਮੈਂਬਰੀ ਤਾਲਮੇਲ ਕਮੇਟੀ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ, ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ, ਸੰਤ ਬਾਬਾ ਸੇਵਾ ਸਿੰਘ ਰਾਮਪੁਰ ਖੇੜਾ, ਜਸਟਿਸ (ਸੇਵਾਮੁਕਤ) ਜਸਪਾਲ ਸਿੰਘ, ਜਸਟਿਸ (ਸੇਵਾਮੁਕਤ) ਗੁਰਬੀਰ ਸਿੰਘ, ਜਤਿੰਦਰ ਸਿੰਘ ਔਲਖ, ਆਈਪੀਐਸ (ਸੇਵਾਮੁਕਤ) ਅਤੇ ਲਾਅ ਅਫ਼ਸਰ ਪ੍ਰੀਤ ਇੰਦਰ ਪਾਲ ਸਿੰਘ ਸ਼ਾਮਲ ਹਨ। ਇਸ ਵਿਚਾਰ-ਵਟਾਂਦਰੇ ਦੌਰਾਨ ਐਕਟ ਦੀਆਂ ਵੱਖ-ਵੱਖ ਵਿਵਸਥਾਵਾਂ, ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਕੀਤੇ ਗਏ ਆਦੇਸ਼ਾਂ ਅਤੇ ਕਾਨੂੰਨ ਵਿੱਚ ਲੋੜੀਂਦੀਆਂ ਸੋਧਾਂ ਸਮੇਤ ਸਾਰੇ ਸਬੰਧਤ ਪਹਿਲੂਆਂ ਨੂੰ ਕਵਰ ਕੀਤਾ ਜਾਵੇਗਾ। ਸਰਕਾਰ ਬਿਨਾਂ ਕਿਸੇ ਪੂਰਵ ਸ਼ਰਤ ਦੇ ਗੱਲਬਾਤ ਕਰਨ ਲਈ ਤਿਆਰ ਹੈ, ਕਿਉਂਕਿ ਸਰਕਾਰ ਦਾ ਪੱਕਾ ਵਿਸ਼ਵਾਸ ਹੈ ਕਿ ਅਜਿਹੇ ਸੰਵੇਦਨਸ਼ੀਲ ਮਾਮਲੇ ਦਾ ਸਾਰਥਕ ਹੱਲ ਸਿਰਫ਼ ਆਪਸੀ ਗੱਲਬਾਤ, ਵਿਸ਼ਵਾਸ, ਸਹਿਯੋਗ ਅਤੇ ਸਹਿਮਤੀ ਰਾਹੀਂ ਹੀ ਸੰਭਵ ਹੈ।

ਪੰਜਾਬ ਸਰਕਾਰ ਨੇ ਦੁਹਰਾਇਆ ਹੈ ਕਿ ਇਹ ਮਾਮਲਾ ਸਿੱਧੇ ਤੌਰ 'ਤੇ ਸਿੱਖ ਕੌਮ ਦੀਆਂ ਧਾਰਮਿਕ ਭਾਵਨਾਵਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਨਾਲ ਜੁੜਿਆ ਹੋਇਆ ਹੈ। ਇਸ ਲਈ ਇਹ ਲਾਜ਼ਮੀ ਹੈ ਕਿ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਸਰਵਉੱਚ ਰੱਖਦੇ ਹੋਏ ਇਸ ਮੁੱਦੇ 'ਤੇ ਪੂਰੀ ਗੰਭੀਰਤਾ, ਸੰਵੇਦਨਸ਼ੀਲਤਾ ਅਤੇ ਸੁਹਿਰਦਤਾ ਨਾਲ ਵਿਚਾਰ ਕੀਤਾ ਜਾਵੇ। ਸਰਕਾਰ ਨੇ ਸਮੁੱਚੀ ਸਿੱਖ ਸੰਗਤ ਅਤੇ ਜਨਤਾ ਨੂੰ ਇਹ ਵੀ ਭਰੋਸਾ ਦਿਵਾਇਆ ਹੈ ਕਿ ਉਹ ਇਸ ਮਾਮਲੇ ਨੂੰ ਹੱਲ ਕਰਨ ਲਈ ਪੂਰੀ ਤਰ੍ਹਾਂ ਗੰਭੀਰ ਅਤੇ ਵਚਨਬੱਧ ਹੈ।

ਸਰਕਾਰ ਦੇ ਯਤਨ ਇਸ ਅਤਿ ਸੰਵੇਦਨਸ਼ੀਲ ਮੁੱਦੇ ਨੂੰ ਆਪਸੀ ਸੁਹਿਰਦਤਾ ਅਤੇ ਉਸਾਰੂ ਸ਼ਮੂਲੀਅਤ ਰਾਹੀਂ ਹੱਲ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਨ ਦੇ ਦ੍ਰਿੜ ਇਰਾਦੇ ਨੂੰ ਦਰਸਾਉਂਦੇ ਹਨ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਸ ਤੋਂ ਪਹਿਲਾਂ ਐਕਟ ਦੀਆਂ ਵਿਵਸਥਾਵਾਂ ਦੀ ਸਮੀਖਿਆ ਕਰਨ ਅਤੇ ਸੁਝਾਅ ਦੇਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਗਠਿਤ ਪੈਨਲ ਨਾਲ ਸਲਾਹ-ਮਸ਼ਵਰੇ ਦੀ ਪ੍ਰਕਿਰਿਆ ਬਾਰੇ ਚਰਚਾ ਕਰਨ ਲਈ ਉੱਚ-ਪੱਧਰੀ ਕਮੇਟੀ ਨਾਲ ਵਿਸਥਾਰਪੂਰਵਕ ਮੀਟਿੰਗ ਕੀਤੀ ਸੀ। ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਗਠਿਤ ਪੈਨਲ ਨਾਲ ਕਾਨੂੰਨ ਦੀਆਂ ਵਿਵਸਥਾਵਾਂ ਬਾਰੇ ਚਰਚਾ ਕਰਨ ਅਤੇ ਸਹਿਮਤੀ ਬਣਾਉਣ ਲਈ ਕੰਮ ਕਰਦੇ ਸਮੇਂ ਇਸ ਦੀ ਮੂਲ ਭਾਵਨਾ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਣਾ ਚਾਹੀਦਾ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਪੱਸ਼ਟ ਤੌਰ 'ਤੇ ਕਿਹਾ ਸੀ ਕਿ ਬੇਅਦਬੀ ਦੇ ਦੋਸ਼ੀਆਂ ਨੂੰ ਉਮਰ ਕੈਦ ਅਤੇ ਭਾਰੀ ਜੁਰਮਾਨੇ ਦੀਆਂ ਵਿਵਸਥਾਵਾਂ ਇਸ ਕਾਨੂੰਨ ਦੀ ਮੂਲ ਨੀਂਹ ਹਨ ਅਤੇ ਕਿਸੇ ਵੀ ਕੀਮਤ 'ਤੇ ਇਸ ਕਾਨੂੰਨ ਨੂੰ ਕਮਜ਼ੋਰ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਅੱਗੇ ਕਿਹਾ ਸੀ ਕਿ ਇਸ ਕਾਨੂੰਨ ਨੇ ਸਿੱਖ ਸੰਗਤ ਦੀਆਂ ਆਹਤ ਹੋਈਆਂ ਭਾਵਨਾਵਾਂ ਨੂੰ ਮਲ੍ਹਮ ਲਗਾਈ ਹੈ, ਜੋ ਬੇਅਦਬੀ ਦੀਆਂ ਵਾਰ-ਵਾਰ ਵਾਪਰ ਰਹੀਆਂ ਘਟਨਾਵਾਂ ਕਾਰਨ ਬਹੁਤ ਪ੍ਰੇਸ਼ਾਨ ਸਨ।

ਮੁੱਖ ਮੰਤਰੀ ਨੇ ਦੁਹਰਾਇਆ ਸੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਗਠਿਤ ਕਮੇਟੀ ਨਾਲ ਸਲਾਹ-ਮਸ਼ਵਰੇ ਦੀ ਪ੍ਰਕਿਰਿਆ ਨੂੰ ਉਸਾਰੂ ਢੰਗ ਨਾਲ ਅੱਗੇ ਵਧਾਇਆ ਜਾਵੇਗਾ, ਜਦਕਿ ਇਹ ਯਕੀਨੀ ਬਣਾਇਆ ਜਾਵੇਗਾ ਕਿ ਕਾਨੂੰਨ ਦਾ ਮੂਲ ਉਦੇਸ਼, ਭਾਵਨਾ ਅਤੇ ਪਵਿੱਤਰਤਾ ਬਰਕਰਾਰ ਰਹੇ। ਪੰਜਾਬ ਸਰਕਾਰ ਨੂੰ ਆਸ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਹਿਰ ਕਮੇਟੀ ਇਸ ਸੱਦੇ ਨੂੰ ਪ੍ਰਵਾਨ ਕਰੇਗੀ ਅਤੇ 18 ਨਵੰਬਰ ਦੀ ਮੀਟਿੰਗ ਵਿੱਚ ਸ਼ਾਮਲ ਹੋਵੇਗੀ, ਜਿਸ ਨਾਲ ਦੋਵੇਂ ਕਮੇਟੀਆਂ ਐਕਟ ਦੇ ਬੁਨਿਆਦੀ ਉਦੇਸ਼ਾਂ ਦੀ ਰਾਖੀ ਕਰਦੇ ਹੋਏ ਇਸ ਵਿੱਚ ਢੁਕਵੀਆਂ, ਸਾਰਥਕ ਅਤੇ ਸਥਾਈ ਸੋਧਾਂ ਕਰਨ ਲਈ ਮਿਲ ਕੇ ਕੰਮ ਕਰ ਸਕਣਗੀਆਂ।

ਪੀ.ਐਸ.ਪੀ.ਸੀ.ਐਲ ਵੱਲੋਂ ਕੀਤੀ ਜਾਵੇਗੀ 450 ਕਲਰਕਾਂ ਦੀ ਭਰਤੀ, 2500 ਅਪ੍ਰੈਂਟਿਸਾਂ ਨੂੰ ਦਿੱਤੀ ਜਾਵੇਗੀ ਤਕਨੀਕੀ ਸਿਖਲਾਈ: ਬਿਜਲੀ ਮੰਤਰੀ ਸੌਂਦ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਦੇ ਬਿਜਲੀ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ ਅਗਵਾਈ ਹੇਠ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਪੀ.ਸੀ.ਐਲ.) ਵੱਲੋਂ ਭਰਤੀ ਅਤੇ ਹੁਨਰ ਵਿਕਾਸ ਲਈ ਵੱਡੀ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਦਾ ਮੁੱਖ ਉਦੇਸ਼ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਦੇ ਨਾਲ-ਨਾਲ ਸੂਬੇ ਦੇ ਨੌਜਵਾਨਾਂ ਦੇ ਤਕਨੀਕੀ ਹੁਨਰ ਨੂੰ ਨਿਖਾਰਨਾ ਹੈ। ਇਸ ਸਬੰਧੀ ਹੋਰ ਵੇਰਵੇ ਸਾਝੇ ਕਰਦਿਆਂ ਬਿਜਲੀ ਮੰਤਰੀ ਨੇ ਦੱਸਿਆ ਕਿ ਪੀ.ਐਸ.ਪੀ.ਸੀ.ਐਲ. ਆਪਣੇ ਪ੍ਰਸ਼ਾਸਕੀ ਕੰਮਕਾਜ ਨੂੰ ਮਜ਼ਬੂਤ ਕਰਨ ਅਤੇ ਖਪਤਕਾਰ ਸੇਵਾਵਾਂ ਵਿੱਚ ਸੁਧਾਰ ਲਿਆਉਣ ਲਈ ਕਲਰਕਾਂ ਦੀਆਂ 450 ਅਸਾਮੀਆਂ ਲਈ ਭਰਤੀ ਪ੍ਰਕਿਰਿਆ ਸ਼ੁਰੂ ਕਰੇਗੀ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਲੋੜੀਂਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ ਅਤੇ ਭਰਤੀ ਪ੍ਰਕਿਰਿਆ ਨਿਰਧਾਰਤ ਨਿਯਮਾਂ ਤੇ ਕਾਇਦੇ ਅਨੁਸਾਰ ਨੇਪਰੇ ਚਾੜ੍ਹੀ ਜਾਵੇਗੀ। ਤਰੁਨਪ੍ਰੀਤ ਸਿੰਘ ਸੌਂਦ ਨੇ ਅੱਗੇ ਦੱਸਿਆ ਕਿ ਪੀ.ਐਸ.ਪੀ.ਸੀ.ਐਲ. ਵੱਲੋਂ ਵਿੱਤੀ ਸਾਲ 2026-27 ਦੌਰਾਨ ਆਪਣੇ



'ਅਪ੍ਰੈਂਟਿਸਸ਼ਿਪ ਸਿਖਲਾਈ ਪ੍ਰੋਗਰਾਮ' ਤਹਿਤ 'ਲਾਈਨਮੈਨ ਟਰੇਡ' ਵਿੱਚ 2500 ਅਪ੍ਰੈਂਟਿਸਾਂ ਨੂੰ ਹੁਨਰ ਤਰਾਸ਼ਣ ਦਾ ਮੌਕਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਪ੍ਰੋਗਰਾਮ ਉਮੀਦਵਾਰਾਂ ਨੂੰ ਬਿਜਲੀ ਖੇਤਰ ਵਿੱਚ ਉਦਯੋਗ-ਅਧਾਰਿਤ ਵਿਹਾਰਕ ਸਿਖਲਾਈ ਅਤੇ ਤਜਰਬਾ ਮੁਹੱਈਆ ਕਰਵਾਏਗਾ, ਜਿਸ ਨਾਲ ਨਾ ਸਿਰਫ਼ ਉਨ੍ਹਾਂ ਨੂੰ ਜ਼ਰੂਰੀ ਤਕਨੀਕੀ ਤਜ਼ਰਬਾ ਮਿਲੇਗਾ ਸਗੋਂ ਭਵਿੱਖ ਵਿੱਚ ਰੁਜ਼ਗਾਰ ਦੇ ਬਿਹਤਰ ਮੌਕਿਆਂ ਲਈ ਵੀ ਰਾਹ ਪੱਧਰਾ ਹੋਵੇਗਾ। ਬਿਜਲੀ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ, ਪੰਜਾਬ ਸਰਕਾਰ ਹੁਨਰ ਵਿਕਾਸ ਪਹਿਲਕਦਮੀਆਂ ਰਾਹੀਂ ਰੁਜ਼ਗਾਰ ਦੇ ਬਿਹਤਰ ਮੌਕੇ ਪੈਦਾ ਕਰਨ ਅਤੇ ਨੌਜਵਾਨਾਂ ਨੂੰ ਸਮਰੱਥ ਬਣਾਉਣ ਲਈ ਵਚਨਬੱਧ ਹੈ। ਉਨ੍ਹਾਂ ਅੱਗੇ ਕਿਹਾ ਕਿ ਜਿੱਥੇ ਕਲਰਕਾਂ ਦੀ ਭਰਤੀ ਨਾਲ ਪੀ.ਐਸ.ਪੀ.ਸੀ.ਐਲ. ਦੇ ਪ੍ਰਸ਼ਾਸਕੀ ਅਤੇ ਖਪਤਕਾਰ ਸੇਵਾਵਾਂ ਸਬੰਧੀ ਕਾਰਜਾਂ ਨੂੰ ਮਜ਼ਬੂਤੀ ਮਿਲੇਗੀ ਉੱਥੇ ਹੀ ਅਪ੍ਰੈਂਟਿਸਸ਼ਿਪ ਪ੍ਰੋਗਰਾਮ ਬਿਜਲੀ ਖੇਤਰ ਲਈ ਇੱਕ ਹੁਨਰਮੰਦ ਤਕਨੀਕੀ ਸਟਾਫ ਵੀ ਵਿਕਸਤ ਕਰੇਗਾ। ਨੌਜਵਾਨ ਸਸ਼ਕਤੀਕਰਨ ਪ੍ਰਤੀ ਸੂਬਾ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਸੌਂਦ ਨੇ ਕਿਹਾ ਕਿ ਇਹ ਪਹਿਲਕਦਮੀਆਂ ਰੁਜ਼ਗਾਰ ਦੀਆਂ ਸੰਭਾਵਨਾਵਾਂ ਨੂੰ ਬਿਹਤਰ ਬਣਾਉਣ ਅਤੇ ਪੰਜਾਬ ਦੇ ਸਮਾਜਿਕ-ਆਰਥਿਕ ਢਾਂਚੇ ਨੂੰ ਹੋਰ ਬਿਹਤਰ ਬਨਾਉਣ ਵਿੱਚ ਵਡਮੁੱਲਾ ਯੋਗਦਾਨ ਪਾਉਣਗੀਆਂ।

ਚੰਡੀਗੜ੍ਹ ਪਹੁੰਦਿਆਂ ਹੀ ਕੇਂਦਰੀ ਮੰਤਰੀ ਸੀ.ਆਰ.ਪਾਟਿਲ ਨੇ ਅਕਾਲੀ ਦਲ ਨਾਲ ਗਠਜੋੜ ਨੂੰ ਲੈ ਕੇ ਦਿੱਤਾ ਵੱਡਾ ਬਿਆਨ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਕੇਂਦਰੀ ਮੰਤਰੀ ਸੀ.ਆਰ. ਪਾਟਿਲ ਅੱਜ ਚੰਡੀਗੜ੍ਹ ਪਹੁੰਚੇ, ਜਿੱਥੇ ਪੰਜਾਬ ਦੀਆਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਉਨ੍ਹਾਂ ਦੀਆਂ ਕਈ ਅਹਿਮ ਮੀਟਿੰਗਾਂ ਹੋਣੀਆਂ ਹਨ। ਇਸ ਦੌਰਾਨ ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਭਾਜਪਾ ਨੇ ਬਿਹਾਰ ਅਤੇ ਪੱਛਮੀ ਬੰਗਾਲ ਵਿੱਚ ਸਰਕਾਰ ਬਣਾਈ ਹੈ, ਉਸੇ ਤਰ੍ਹਾਂ ਪੰਜਾਬ ਵਿੱਚ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਦੇ ਆਧਾਰ 'ਤੇ ਭਾਜਪਾ ਦੀ ਸਰਕਾਰ ਬਣਾਈ ਜਾਵੇਗੀ। ਅਕਾਲੀ ਦਲ ਨਾਲ ਸੰਭਾਵਿਤ ਗਠਜੋੜ ਬਾਰੇ ਪੁੱਛੇ ਜਾਣ 'ਤੇ ਪਾਟਿਲ ਨੇ ਕਿਹਾ ਕਿ ਚੋਣਾਂ ਦੌਰਾਨ ਵੱਖ-ਵੱਖ ਸਿਆਸੀ ਸਮੀਕਰਨ ਬਣਦੇ ਹਨ।

ਗਠਜੋੜ ਹੋਵੇਗਾ ਜਾਂ ਨਹੀਂ, ਇਸ ਬਾਰੇ ਫੈਸਲਾ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਕਰੇਗੀ ਅਤੇ ਆਉਣ ਵਾਲੇ ਦਿਨਾਂ ਵਿੱਚ ਸਥਿਤੀ ਸਪੱਸ਼ਟ ਹੋ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਫਿਲਹਾਲ ਉਨ੍ਹਾਂ ਦੀ ਸੁਖਬੀਰ ਸਿੰਘ ਬਾਦਲ ਨਾਲ ਕੋਈ ਮੀਟਿੰਗ ਨਹੀਂ ਹੋਈ।

ਮਨੀਲਾ ਵਿੱਚ ਪ੍ਰਧਾਨ ਮੰਤਰੀ ਮੋਦੀ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਣ ਬਾਰੇ ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਵੱਖ-ਵੱਖ ਥਾਵਾਂ 'ਤੇ ਧਾਰਮਿਕ ਸਮਾਗਮਾਂ ਵਿੱਚ ਸ਼ਿਰਕਤ ਕਰਦੇ ਰਹਿੰਦੇ ਹਨ। ਕਰਤਾਰਪੁਰ ਲਾਂਘੇ ਬਾਰੇ ਪਾਟਿਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਪਹਿਲਾਂ ਵੀ ਇਸ ਨੂੰ ਖੋਲ੍ਹਣ ਲਈ ਯਤਨ ਕੀਤੇ ਸਨ, ਜਿਨ੍ਹਾਂ ਵਿੱਚ ਸਫਲਤਾ ਮਿਲੀ ਸੀ।

ਭਵਿੱਖ ਵਿੱਚ ਵੀ ਇਸ ਸਬੰਧੀ ਹੋਰ ਯਤਨ ਕੀਤੇ ਜਾਣਗੇ। ਕੈਪਟਨ ਅਮਰਿੰਦਰ ਸਿੰਘ ਦੇ ਸੋਨੀਆ ਗਾਂਧੀ ਦੀ ਕਿਤਾਬ ਦੇ ਲੋਕ-ਅਰਪਣ ਸਮਾਗਮ ਵਿੱਚ ਸ਼ਾਮਲ ਹੋਣ ਬਾਰੇ ਪੁੱਛੇ ਸਵਾਲ 'ਤੇ ਉਨ੍ਹਾਂ ਕਿਹਾ ਕਿ ਕੋਈ ਵੀ ਵਿਅਕਤੀ ਕਿਤੇ ਵੀ ਜਾਣ ਲਈ ਆਜ਼ਾਦ ਹੈ। ਉਨ੍ਹਾਂ ਕਿਹਾ ਕਿ ਕੈਪਟਨ ਪਹਿਲਾਂ ਵੀ ਆਉਂਦੇ-ਜਾਂਦੇ ਰਹੇ ਹਨ। ਸੋਨੀਆ ਗਾਂਧੀ ਦੀ ਕਿਤਾਬ ਬਾਰੇ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਅਜੇ ਇਹ ਕਿਤਾਬ ਪੜ੍ਹੀ ਨਹੀਂ ਹੈ, ਇਸ ਲਈ ਉਹ ਇਸ 'ਤੇ ਕੋਈ ਟਿੱਪਣੀ ਨਹੀਂ ਕਰ ਸਕਦੇ।

ਪੰਜਾਬ ਦੀ ਕਾਨੂੰਨ ਵਿਵਸਥਾ ਬਾਰੇ ਪਾਟਿਲ ਨੇ ਕਿਹਾ ਕਿ ਸੂਬੇ ਦੀ ਮੌਜੂਦਾ ਸਥਿਤੀ ਤੋਂ ਪੰਜਾਬ ਦੇ ਲੋਕ ਚੰਗੀ ਤਰ੍ਹਾਂ ਜਾਣੂ ਹਨ ਅਤੇ ਉਹ ਇਸ ਹਾਲਾਤ ਵਿੱਚੋਂ ਬਾਹਰ ਨਿਕਲਣਾ ਚਾਹੁੰਦੇ ਹਨ।



CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



Office Ph.(916) 427-4321

6624 FLORIN ROAD, SACRAMENTO CA, 95828

FAX: 916)258-0441, Cell: (916)308-7997

Email: sacramento99@yahoo.com Website: www.capitalservices.us



CapitaL DRUG TESTING

CAPITAL DRUG TESTING

Drug and Alcohol Test

DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.



Lab. Ph:(916) 680-9293

6624 Florin Road
Sacramento CA, 95828

Email: capitaldrugtest@gmail.com
Website: www.capitaldrugtest.com

JK TYRE INC

JK TYRE
TOTAL CONTROL

KTD10-LEAO
Radial Truck Tire (Long Haul)



295/75R22.5
$2600

With Installation
Singh: 510-766-9382

JK JETSTEEL JDH

SPECIAL OFFER !!



DRIVE TIRE
11R22.5-

With Installation
Singh: 510-766-9382

Firestone FS591

SPECIAL OFFER !!

STEER TIRE
295/75R22.5

With Installation
Singh: 510-766-9382



11R22.5

With Installation
Singh: 510-766-9382

Sizes available in drive & trailer

295/75/22.5
11r/22.5
11r/24.5
255/70/22.5
315/80/22.5
425/65/22.5

JETWAY JTH 1

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

JETWAY JTH SD

SPECIAL OFFER !!



TRAILER TIRE
295/75R22.5-

With Installation
Singh: 510-766-9382

JK JETSTEEL JDL2

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES
GOODYEAR
KELLY TIRES
Feel the difference BARKLEY
PIRELLI
MICHELIN A better way forward
BRIDGESTONE
Firestone
YOKOHAMA
PEARLY
NAMA
TOYO TIRES driven to perform
Continental
DUNLOP TIRES

S. Singh Cell: (510) 766-9382

2955 N. Wilson Way Stockton , CA 95205

Serving Californians since 1999

Global Green
INSURANCE AGENCY
Lic #oF34231

Mann Insurance Brokers Inc.
dba Global Green Insurance Agency of the Bay Area

AUTO, HOME, BUSINESS, LIFE

510-487-1000

WWW.GGIABA.COM

COVERED CALIFORNIA

Certified INSURANCE AGENT

Free Confidential Help

Call : Gurcharan Singh Mann
CA License

Medicare

Licensed Insurance Agent
CA Lic # 0C70672

CALL TO ENROL

510-557-0061

Buying
OR
Selling
Real Estate
Let
US
HELP

MANN
Real Estate Services

BAY AREA, TRACY, LATHROP, ELK GROVE, ROSEVILLE, ROCKLIN, MOUNTAIN HOUSE

510-557-0061

Find your home on our website

www.mannres.com



Gurcharan Singh
Mann
DRE#02321006

ਪੰਜਾਬ ਵੱਲੋਂ ਗੁਰੂ ਰਵਿਦਾਸ ਮਹਾਰਾਜ ਦਾ 650ਵਾਂ ਪ੍ਰਕਾਸ਼ ਪੁਰਬ ਸ਼ਰਧਾ ਭਾਵਨਾ ਸਤਿਕਾਰ ਅਤੇ ਸ਼ਾਨੋ-ਸ਼ੌਕਤ ਨਾਲ ਮਨਾਇਆ ਜਾਵੇਗਾ- ਮੁੱਖ ਮੰਤਰੀ ਭਗਵੰਤ ਸਿੰਘ ਮਾਨ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਗੁਰੂ ਰਵਿਦਾਸ ਮਹਾਰਾਜ ਦਾ ਇਤਿਹਾਸਕ 650ਵਾਂ ਪ੍ਰਕਾਸ਼ ਪੁਰਬ ਬੇਮਿਸਾਲ ਸ਼ਰਧਾ, ਸਤਿਕਾਰ ਅਤੇ ਸ਼ਾਨੋ-ਸ਼ੌਕਤ ਨਾਲ ਮਨਾਇਆ ਜਾਵੇਗਾ, ਜਿਸ ਤਹਿਤ 4 ਤੋਂ 6 ਦਸੰਬਰ ਤੱਕ ਖੁਰਾਲਗੜ੍ਹ ਵਿਖੇ ਧਾਰਮਿਕ, ਅਧਿਆਤਮਿਕ ਅਤੇ ਸੱਭਿਆਚਾਰਕ ਸਮਾਗਮਾਂ ਲਈ ਵਿਆਪਕ ਪ੍ਰਬੰਧ ਕੀਤੇ ਜਾ ਰਹੇ ਹਨ।

ਅੱਜ ਇੱਥੇ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਉੱਚ-ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਉਨ੍ਹਾਂ ਕਿਹਾ ਕਿ ਮਹਾਨ ਗੁਰੂ ਜੀ ਦੀਆਂ ਸਦੀਵੀ ਸਿੱਖਿਆਵਾਂ ਅਤੇ ਕ੍ਰਾਂਤੀਕਾਰੀ ਫਲਸਫੇ ਨੂੰ ਘਰ-ਘਰ ਪਹੁੰਚਾਉਣ ਲਈ ਇਸ ਇਤਿਹਾਸਕ ਦਿਹਾੜੇ ਨੂੰ ਰਾਜ ਪੱਧਰੀ ਸਮਾਗਮ ਵਜੋਂ ਮਨਾਇਆ ਜਾਵੇਗਾ।

ਇਸ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, " ਗੁਰੂ ਰਵਿਦਾਸ ਮਹਾਰਾਜ ਦਾ 650ਵਾਂ ਪ੍ਰਕਾਸ਼ ਪੁਰਬ ਮਹਿਜ਼ ਧਾਰਮਿਕ ਸਮਾਗਮ ਹੀ ਨਹੀਂ ਹੈ, ਸਗੋਂ ਸਮਾਜ ਨੂੰ ਉਨ੍ਹਾਂ ਦੇ ਬਰਾਬਰੀ, ਮਾਨਵਤਾ ਅਤੇ ਸਮਾਜਿਕ ਨਿਆਂ ਦੇ ਫਲਸਫੇ ਨਾਲ ਮੁੜ ਜੋੜਨ ਦਾ ਇੱਕ ਇਤਿਹਾਸਕ ਮੌਕਾ ਹੈ। ਉਨ੍ਹਾਂ ਦੇ 'ਬੇਗਮਪੁਰਾ' ਦੇ ਸੰਕਲਪ ਨੇ ਇੱਕ ਅਜਿਹੇ ਸਮਾਜ ਦੀ ਕਲਪਨਾ ਕੀਤੀ ਸੀ ਜੋ ਵਿਤਕਰੇ, ਸ਼ੋਸ਼ਣ ਅਤੇ ਨਾ-ਬਰਾਬਰੀ ਤੋਂ ਮੁਕਤ ਹੋਵੇ, ਜਿੱਥੇ ਹਰ ਵਿਅਕਤੀ ਮਾਣ-ਸਨਮਾਨ, ਬਰਾਬਰ ਅਧਿਕਾਰਾਂ ਅਤੇ ਮੌਕਿਆਂ ਦਾ ਆਨੰਦ ਮਾਣ ਸਕੇ। ਪੰਜਾਬ ਸਰਕਾਰ ਮਹਾਨ ਗੁਰੂ ਜੀ ਦੇ ਲਾਸਾਨੀ ਯੋਗਦਾਨ ਦੇ ਸਤਿਕਾਰ ਵਿੱਚ ਇਸ ਇਤਿਹਾਸਕ ਮੌਕੇ ਨੂੰ ਮਨਾਉਣ ਲਈ ਵਚਨਬੱਧ ਹੈ।"

ਪ੍ਰੋਗਰਾਮ ਦੀ ਰੂਪ-ਰੇਖਾ ਸਾਂਝੀ ਕਰਦਿਆਂ ਮੁੱਖ ਮੰਤਰੀ ਨੇ ਦੱਸਿਆ ਕਿ ਇਨ੍ਹਾਂ ਸਮਾਗਮਾਂ ਦੀ ਸ਼ੁਰੂਆਤ 4 ਦਸੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਨਾਲ ਹੋਵੇਗੀ, ਜਿਸ ਤੋਂ ਬਾਅਦ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਜੀਵਨ ਅਤੇ ਫਲਸਫੇ ਨੂੰ ਦਰਸਾਉਂਦੀ ਪ੍ਰਦਰਸ਼ਨੀ, ਸੰਤ ਸੰਮੇਲਨ, ਕਥਾ ਅਤੇ ਕੀਰਤਨ ਦਰਬਾਰ, 3-ਡੀ ਪ੍ਰੋਜੈਕਸ਼ਨ, ਡਰੋਨ ਸ਼ੋਅ ਅਤੇ ਹੋਰ ਅਧਿਆਤਮਿਕ ਅਤੇ ਸੱਭਿਆਚਾਰਕ ਪ੍ਰੋਗਰਾਮ ਕਰਵਾਏ ਜਾਣਗੇ।

ਉਨ੍ਹਾਂ ਦੱਸਿਆ ਕਿ 5 ਦਸੰਬਰ ਨੂੰ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ, ਜਿਸ ਉਪਰੰਤ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੀ ਬਾਣੀ 'ਤੇ ਵਿਸ਼ੇਸ਼ ਕਾਨਫਰੰਸ, ਕਥਾ ਅਤੇ ਕੀਰਤਨ ਦਰਬਾਰ, 3-ਡੀ ਪ੍ਰੋਜੈਕਸ਼ਨ, ਡਰੋਨ ਸ਼ੋਅ ਅਤੇ ਹੋਰ ਕਈ ਗਤੀਵਿਧੀਆਂ ਹੋਣਗੀਆਂ। ਇਸੇ ਤਰ੍ਹਾਂ ਮੁੱਖ ਮੰਤਰੀ ਨੇ ਦੱਸਿਆ ਕਿ 6 ਦਸੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਉਣ ਨਾਲ ਇਨ੍ਹਾਂ ਤਿੰਨ ਰੋਜ਼ਾ ਸਮਾਗਮਾਂ ਦੀ ਸੰਪੂਰਨਤਾ ਹੋਵੇਗੀ, ਜਿਸ ਤੋਂ ਬਾਅਦ ਬੇਗਮਪੁਰਾ ਸਮਾਗਮ, ਕਥਾ ਅਤੇ ਕੀਰਤਨ ਦਰਬਾਰ, 3-ਡੀ ਪ੍ਰੋਜੈਕਸ਼ਨ ਅਤੇ ਹੋਰ ਪ੍ਰੋਗਰਾਮ ਕਰਵਾਏ ਜਾਣਗੇ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਹ ਸਮਾਗਮ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੀ ਅਲੌਕਿਕ ਅਧਿਆਤਮਿਕ ਸ਼ਖਸੀਅਤ ਅਤੇ ਸਰਬ-ਸਾਂਝੀਆਂ ਸਿੱਖਿਆਵਾਂ ਨੂੰ ਦਰਸਾਉਣਗੇ। ਪੂਰੀ ਵਿਉਂਤਬੰਦੀ ਅਤੇ ਵਿਆਪਕ ਪ੍ਰਬੰਧ ਯਕੀਨੀ ਬਣਾਏ ਜਾਣਗੇ ਤਾਂ ਜੋ ਦੁਨੀਆ ਭਰ ਤੋਂ ਆਉਣ ਵਾਲੀ ਸੰਗਤ ਪੂਰੀ ਸ਼ਰਧਾ ਅਤੇ ਸਹੂਲਤ ਨਾਲ ਇਨ੍ਹਾਂ ਇਤਿਹਾਸਕ ਸਮਾਗਮਾਂ ਵਿੱਚ ਸ਼ਾਮਲ ਹੋ ਸਕੇ।"

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਗੇ ਐਲਾਨ ਕੀਤਾ ਕਿ ਸੰਤ ਸਮਾਜ ਦੀ ਰਹਿਨੁਮਾਈ ਹੇਠ ਵਾਰਾਣਸੀ, ਫਰੀਦਕੋਟ, ਬਠਿੰਡਾ ਅਤੇ ਜੰਮੂ ਤੋਂ ਚਾਰ ਵਿਸ਼ਾਲ ਸ਼ੋਭਾ ਯਾਤਰਾਵਾਂ ਸਜਾਈਆਂ ਜਾਣਗੀਆਂ। ਇਹ ਧਾਰਮਿਕ ਯਾਤਰਾਵਾਂ 3 ਦਸੰਬਰ ਨੂੰ ਖੁਰਾਲਗੜ੍ਹ ਵਿਖੇ ਸਮਾਪਤ ਹੋਣਗੀਆਂ, ਜੋ ਵੱਖ-ਵੱਖ ਖੇਤਰਾਂ ਦੀਆਂ ਸੰਗਤਾਂ ਨੂੰ ਸ਼ਰਧਾ ਭਾਵਨਾ, ਭਾਈਚਾਰਕ ਸਾਂਝ ਅਤੇ ਸਮਾਜਿਕ ਸਦਭਾਵਨਾ ਦਾ ਸੰਦੇਸ਼ ਦੇਣਗੀਆਂ।

ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਇਨ੍ਹਾਂ ਸ਼ੋਭਾ ਯਾਤਰਾਵਾਂ ਲਈ ਪੁਖ਼ਤਾ ਪ੍ਰਬੰਧ, ਢੁਕਵੀਆਂ ਸਹੂਲਤਾਂ ਅਤੇ ਸੁਚਾਰੂ ਤਾਲਮੇਲ ਯਕੀਨੀ ਬਣਾਉਣ ਦੇ ਨਿਰਦੇਸ਼ ਦਿੰਦਿਆਂ ਕਿਹਾ ਕਿ ਇਹ ਯਾਤਰਾਵਾਂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੀਆਂ ਸਿੱਖਿਆਵਾਂ ਦੀ ਸਰਬ-ਵਿਆਪਕਤਾ ਦਾ ਪ੍ਰਤੀਕ ਹੋਣਗੀਆਂ।

ਮੁੱਖ ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦਿੰਦਿਆਂ ਕਿ ਇਹ ਯਾਦਗਾਰੀ ਸਮਾਗਮ ਸਿਰਫ਼ ਖੁਰਾਲਗੜ੍ਹ ਤੱਕ ਹੀ ਸੀਮਤ ਨਹੀਂ ਰਹਿਣਗੇ ਸਗੋਂ ਸੂਬਾ ਸਰਕਾਰ ਨੇ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਜੀਵਨ, ਫਲਸਫੇ ਅਤੇ ਸਿੱਖਿਆਵਾਂ ਨੂੰ ਸਮਾਜ ਦੇ ਹਰ ਵਰਗ ਤੱਕ ਪਹੁੰਚਾਉਣ ਲਈ ਪਹਿਲਾਂ ਹੀ ਸਾਲ ਭਰ ਚੱਲਣ ਵਾਲੀਆਂ ਗਤੀਵਿਧੀਆਂ ਦੀ ਵਿਆਪਕ ਲੜੀ ਸ਼ੁਰੂ ਕੀਤੀ ਹੋਈ ਹੈ।

ਉਨ੍ਹਾਂ ਕਿਹਾ, "ਸਾਲ ਭਰ ਚੱਲਣ ਵਾਲੇ ਇਨ੍ਹਾਂ ਯਾਦਗਾਰੀ ਸਮਾਗਮਾਂ ਦੇ ਹਿੱਸੇ ਵਜੋਂ ਸੈਮੀਨਾਰ, ਵਰਕਸ਼ਾਪਾਂ, ਵਿਸ਼ੇਸ਼ ਕੀਰਤਨ ਸਮਾਗਮ, ਸਕੂਲ ਪੱਧਰੀ ਮੁਕਾਬਲੇ, 13,000 ਪਿੰਡਾਂ ਵਿੱਚ ਡਾਕੂਮੈਂਟਰੀ ਫਿਲਮਾਂ ਦੀ ਸਕ੍ਰੀਨਿੰਗ, 90 ਵਿਧਾਨ ਸਭਾ ਹਲਕਿਆਂ ਵਿੱਚ ਡਰੋਨ ਸ਼ੋਅ, ਮੈਰਾਥਨ, ਖੂਨਦਾਨ ਕੈਂਪ ਅਤੇ ਬੂਟੇ ਲਾਉਣ ਦੀਆਂ ਮੁਹਿੰਮਾਂ ਚਲਾਈਆਂ ਗਈਆਂ ਹਨ। ਇਸ ਦਾ ਮੁੱਖ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਨੌਜਵਾਨ ਪੀੜ੍ਹੀ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਅਸਾਧਾਰਨ ਯੋਗਦਾਨ ਅਤੇ ਕ੍ਰਾਂਤੀਕਾਰੀ ਫਲਸਫੇ ਨੂੰ ਸਮਝ ਸਕੇ।"

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਵੱਲੋਂ ਦਿੱਤਾ ਗਿਆ 'ਬੇਗਮਪੁਰਾ' ਦਾ ਫਲਸਫਾ ਬਰਾਬਰੀ, ਸਵੈ-ਮਾਣ, ਭਾਈਚਾਰੇ ਅਤੇ ਹਰ ਤਰ੍ਹਾਂ ਦੇ ਵਿਤਕਰੇ ਤੋਂ ਮੁਕਤ ਸਮਾਜ ਦੀ ਸਦੀਵੀ ਸੋਚ ਪੇਸ਼ ਕਰਦਾ ਹੈ।

ਉਨ੍ਹਾਂ ਕਿਹਾ, "ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਨੇ ਮਨੁੱਖਤਾ ਨੂੰ ਇੱਕ ਅਜਿਹੇ ਸਮਾਜ ਲਈ ਕ੍ਰਾਂਤੀਕਾਰੀ ਮਾਰਗ ਦਿਖਾਇਆ ਜਿੱਥੇ ਜਾਤ, ਨਸਲ ਜਾਂ ਸਮਾਜਿਕ ਰੁਤਬੇ ਦੇ ਭੇਦਭਾਵ ਤੋਂ ਬਿਨਾਂ ਹਰ ਵਿਅਕਤੀ ਨੂੰ ਬਰਾਬਰ ਅਧਿਕਾਰ, ਸਤਿਕਾਰ ਅਤੇ ਮੌਕੇ ਪ੍ਰਾਪਤ ਹੋਣ। ਉਨ੍ਹਾਂ ਦੀਆਂ ਸਿੱਖਿਆਵਾਂ ਅੱਜ ਦੇ ਦੌਰ ਵਿੱਚ ਵੀ ਬੇਹੱਦ ਪ੍ਰਾਸੰਗਿਕ ਹਨ। ਮਹਾਨ ਗੁਰੂ ਜੀ ਨੂੰ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਅਸੀਂ ਉਨ੍ਹਾਂ ਦੇ ਫਲਸਫੇ ਨੂੰ ਆਪਣੇ ਜੀਵਨ ਵਿੱਚ ਧਾਰਨ ਕਰੀਏ ਅਤੇ ਇੱਕ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਲਈ ਮਿਲ ਕੇ ਕੰਮ ਕਰੀਏ।"

ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ 650ਵੇਂ ਪ੍ਰਕਾਸ਼ ਪੁਰਬ ਨੂੰ ਇੱਕ ਇਤਿਹਾਸਕ ਅਤੇ ਯਾਦਗਾਰੀ ਮੌਕਾ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੇਗੀ, ਜੋ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਪ੍ਰਤੀ ਲੋਕਾਂ ਦੀ ਸਮੂਹਿਕ ਆਸਥਾ, ਸ਼ਰਧਾ ਅਤੇ ਸਤਿਕਾਰ ਨੂੰ ਦਰਸਾਏਗਾ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਆਪਣੇ ਆਪ ਨੂੰ ਵਡਭਾਗੀ ਸਮਝਦੀ ਹੈ ਕਿ ਉਸ ਨੂੰ ਇਹ ਯਾਦਗਾਰੀ ਸਮਾਗਮ ਕਰਵਾਉਣ ਅਤੇ ਇਸ ਪਵਿੱਤਰ ਮੌਕੇ 'ਤੇ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਸਮਾਗਮ ਪੂਰੀ ਧਾਰਮਿਕ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਏ ਜਾਣਗੇ।

ਉਨ੍ਹਾਂ ਕਿਹਾ, "ਇਹ ਪ੍ਰਕਾਸ਼ ਪੁਰਬ ਸਾਨੂੰ ਇੱਕ ਅਜਿਹੇ ਸਮਾਜ ਦੀ ਸਿਰਜਣਾ ਲਈ ਮੁੜ ਸਮਰਪਿਤ ਹੋਣ ਦਾ ਮੌਕਾ ਦਿੰਦਾ ਹੈ ਜਿੱਥੇ ਹਰ ਮਨੁੱਖ ਹਰ ਤਰ੍ਹਾਂ ਦੇ ਵਿਤਕਰੇ ਤੋਂ ਮੁਕਤ ਹੋ ਕੇ ਸਵੈ-ਮਾਣ ਨਾਲ ਜੀਅ ਸਕੇ। ਉਹ ਆਪਣੀ ਸਮੁੱਚੀ ਕੈਬਨਿਟ ਸਮੇਤ ਇਨ੍ਹਾਂ ਸਮਾਗਮਾਂ ਵਿੱਚ ਸ਼ਿਰਕਤ ਕਰਨਗੇ ਅਤੇ ਪੰਜਾਬ ਦੀ ਤਰੱਕੀ ਤੇ ਇੱਥੋਂ ਦੇ ਲੋਕਾਂ ਦੀ ਖੁਸ਼ਹਾਲੀ ਲਈ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ ਆਸ਼ੀਰਵਾਦ ਪ੍ਰਾਪਤ ਕਰਾਂਗਾ।"

ਇਸ ਮੀਟਿੰਗ ਵਿੱਚ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ, ਤਰੁਨਪ੍ਰੀਤ ਸਿੰਘ ਸੌਂਦ, ਹਰਦੀਪ ਸਿੰਘ ਮੁੰਡੀਆਂ ਅਤੇ ਡਾ. ਰਵਜੋਤ, ਮੁੱਖ ਸਕੱਤਰ ਕੇ.ਏ.ਪੀ. ਸਿਨਹਾ, ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਡਾ. ਰਵੀ ਭਗਤ, ਮੁੱਖ ਮੰਤਰੀ ਦੇ ਵਿਸ਼ੇਸ਼ ਪ੍ਰਮੁੱਖ ਸਕੱਤਰ ਕੁਮਾਰ ਅਮਿਤ, ਸੂਚਨਾ ਤੇ ਲੋਕ ਸੰਪਰਕ ਸਕੱਤਰ ਪੁਨੀਤ ਗੋਇਲ ਅਤੇ ਹੋਰ ਸੀਨੀਅਰ ਅਧਿਕਾਰੀ ਵੀ ਹਾਜ਼ਰ ਸਨ।

ਓਨਟਾਰੀਓ ਸੁਪੀਰੀਅਰ ਕੋਰਟ ਵੱਲੋਂ ਪੀ.ਆਰ ਅਰਜ਼ੀਆਂ ਦੇ ਮਾਮਲੇ 'ਚ ਸੂਬਾ ਸਰਕਾਰ ਦਾ ਫੈਸਲਾ ਖਾਰਜ

ਓਨਟਾਰੀਓ
ਸਾਂਝੀ ਸੋਚ ਬਿਊਰੋ

ਓਨਟਾਰੀਓ ਦੀ ਡਗ ਫੋਰਡ ਸਰਕਾਰ ਅਤੇ ਕਿਰਤ ਮੰਤਰਾਲੇ ਖ਼ਿਲਾਫ਼ ਕਾਨੂੰਨੀ ਲੜਾਈ ਲੜ ਰਹੇ ਪਰਵਾਸੀ ਕਾਮਿਆਂ ਅਤੇ ਸਾਬਕਾ ਕੌਮਾਂਤਰੀ ਵਿਦਿਆਰਥੀਆਂ (ਜਿਨ੍ਹਾਂ ਵਿਚ ਵੱਡੀ ਗਿਣਤੀ ਪੰਜਾਬੀ ਨੌਜਵਾਨਾਂ ਦੀ ਹੈ) ਨੂੰ ਉਸ ਵੇਲੇ ਵੱਡੀ ਕਾਨੂੰਨੀ ਰਾਹਤ ਮਿਲੀ, ਜਦੋਂ ਓਨਟਾਰੀਓ ਸੁਪੀਰੀਅਰ ਕੋਰਟ ਆਫ਼ ਜਸਟਿਸ (ਡਿਵੀਜ਼ਨਲ ਕੋਰਟ) ਨੇ ਆਪਣੇ ਫ਼ੈਸਲੇ ਵਿਚ ਸੂਬਾ ਸਰਕਾਰ ਦੇ ਫ਼ੈਸਲੇ ਨੂੰ ਖ਼ਾਰਜ ਕਰ ਦਿੱਤਾ। ਇਸ ਕੇਸ ਦੇ ਅਸਲ ਤੱਥਾਂ ਅਨੁਸਾਰ ਅਦਾਲਤ ਦੇ ਤਿੰਨ ਜੱਜਾਂ (ਜਸਟਿਸ ਨਕਾਤਸੁਰੂ, ਜਸਟਿਸ ਓ'ਬ੍ਰਾਇਨ ਅਤੇ ਜਸਟਿਸ ਵਰਮੇਟ) ਵਿਚੋਂ ਬਹੁਮਤ (2-1) ਨਾਲ ਇਹ ਫ਼ੈਸਲਾ ਆਇਆ ਹੈ। ਪ੍ਰਭਾਵਿਤ ਅਰਜ਼ੀਕਾਰਾਂ ਨੇ ਸਾਲ 2024 (ਕੁਝ ਨੇ ਫਰਵਰੀ 2024 ਵਿਚ) ਓਨਟਾਰੀਓ ਇਮੀਗਰੈਂਟ ਨੌਮਿਨੀ ਪ੍ਰੋਗਰਾਮ (ਓ.ਆਈ.ਐੱਨ.ਪੀ.) ਦੇ 'ਸਕਿੱਲਡ ਟਰੇਡਜ਼ ਸਟ੍ਰੀਮ' ਤਹਿਤ ਪੀ.ਆਰ. ਲਈ ਅਪਲਾਈ ਕੀਤਾ ਸੀ। ਇਨ੍ਹਾਂ ਵਿਚ ਭਾਰਤ ਤੋਂ ਆਏ ਨੌਜਵਾਨ ਜਿਵੇਂ ਕਿ ਭਰਪੂਰ ਸਿੰਘ ਜੋ ਮਸ਼ੀਨਿਸਟ ਵਜੋਂ ਕੰਮ ਕਰ ਰਹੇ ਹਨ ਅਤੇ ਬਲਰਾਮ ਜੋ ਪਿਛਲੇ 8 ਸਾਲਾਂ ਤੋਂ ਕੈਨੇਡਾ ਵਿਚ ਹਨ ਵਰਗੇ ਸੈਂਕੜੇ ਕਾਮੇ ਸ਼ਾਮਲ ਹਨ।

ਪ੍ਰੋਗਰਾਮ ਦੇ ਨਿਯਮਾਂ ਤਹਿਤ ਇਨ੍ਹਾਂ ਉਮੀਦਵਾਰਾਂ ਨੇ ਓਨਟਾਰੀਓ ਵਿਚ ਗਲੇਜ਼ੀਅਰ, ਹੁਨਰਮੰਦ ਛੱਤ ਇੰਸਟਾਲਰ ਅਤੇ ਮਸ਼ੀਨਿਸਟ ਵਜੋਂ ਪੂਰਾ ਇੱਕ ਸਾਲ ਫੁੱਲ-ਟਾਈਮ ਅਦਾਇਗੀ ਵਾਲਾ ਕੰਮ ਕੀਤਾ ਸੀ ਅਤੇ ਆਪਣੀ ਅਰਜ਼ੀ ਨਾਲ ਫ਼ੀਸ ਵੀ ਜਮ੍ਹਾਂ ਕਰਵਾਈ ਸੀ। ਇਸ ਤੋਂ ਬਾਅਦ ਡਾਇਰੈਕਟਰ ਵੱਲੋਂ ਇਨ੍ਹਾਂ ਦੀਆਂ



ਅਰਜ਼ੀਆਂ ਨੂੰ "ਮੁਕੰਮਲ" ਹੋਣ ਦੀ ਪੁਸ਼ਟੀ ਕਰ ਦਿੱਤੀ ਗਈ ਸੀ।

30 ਜੂਨ 2025 ਨੂੰ ਅਰਜ਼ੀਆਂ ਜਮ੍ਹਾਂ ਹੋਣ ਤੋਂ ਕਈ ਮਹੀਨੇ ਬਾਅਦ ਫੋਰਡ ਸਰਕਾਰ ਨੇ ਇੱਕ ਨਵਾਂ ਨਿਯਮ (ਰੈਗੂਲੇਸ਼ਨ 149/25) ਪਾਸ ਕੀਤਾ। 14 ਨਵੰਬਰ 2025 ਨੂੰ ਲਗਪਗ 2,600 ਅਰਜ਼ੀਕਾਰਾਂ ਨੂੰ ਇੱਕੋ ਜਿਹੇ ਫਾਰਮ ਵਾਲੇ (ਪ੍ਰੋਫਾਰਮਾ) ਪੱਤਰ ਭੇਜ ਕੇ ਬਿਨਾਂ ਕੋਈ ਵਿਅਕਤੀਗਤ ਫ਼ੈਸਲਾ ਦਿੱਤੇ ਉਨ੍ਹਾਂ ਦੀਆਂ ਫਾਈਲਾਂ ਵਾਪਸ ਕਰ ਦਿੱਤੀਆਂ ਗਈਆਂ।

ਸਰਕਾਰ ਨੇ ਇਸ ਦਾ ਕਾਰਨ ਵਿਆਪਕ ਧੋਖਾਧੜੀ, ਗ਼ਲਤ ਬਿਆਨੀ ਅਤੇ ਆਡੀਟਰ ਜਨਰਲ ਦੀ ਰਿਪੋਰਟ ਦੇ ਖ਼ਦਸ਼ਿਆਂ ਨੂੰ ਦੱਸਿਆ। ਜਸਟਿਸ ਓ'ਬ੍ਰਾਇਨ ਅਤੇ ਜਸਟਿਸ ਨਕਾਤਸੁਰੂ ਦੇ ਬਹੁਮਤ ਫ਼ੈਸਲੇ ਵਿਚ ਸਪੱਸ਼ਟ ਕੀਤਾ ਗਿਆ ਕਿ ਜਿਸ ਸਮੇਂ ਇਨ੍ਹਾਂ ਉਮੀਦਵਾਰਾਂ ਨੇ ਅਰਜ਼ੀਆਂ ਦਿੱਤੀਆਂ ਸਨ, ਉਸ ਵੇਲੇ ਕਾਨੂੰਨ ਤਹਿਤ ਡਾਇਰੈਕਟਰ ਕੋਲ ਮੁਕੰਮਲ ਹੋ ਚੁੱਕੀਆਂ ਫਾਈਲਾਂ ਨੂੰ ਵਾਪਸ ਕਰਨ ਦਾ ਕੋਈ ਅਧਿਕਾਰ ਨਹੀਂ ਸੀ। ਜੂਨ 2025 ਦਾ ਨਵਾਂ ਨਿਯਮ ਪਿਛਲੀ ਤਾਰੀਖ਼ ਤੋਂ ਲਾਗੂ ਨਹੀਂ ਹੋ ਸਕਦਾ। ਅਦਾਲਤ ਨੇ ਕਿਹਾ ਕਿ ਭਾਵੇਂ ਸਰਕਾਰ ਨੂੰ ਨੌਕਰੀਆਂ ਅਤੇ ਧੋਖਾਧੜੀ ਰੋਕਣ ਦਾ ਹੱਕ ਹੈ ਪਰ ਪਹਿਲਾਂ ਤੋਂ ਮੁਕੰਮਲ ਹੋ ਚੁੱਕੀਆਂ ਅਰਜ਼ੀਆਂ 'ਤੇ ਕਾਨੂੰਨੀ ਤੌਰ 'ਤੇ ਫ਼ੈਸਲਾ ਦੇਣ ਦਾ ਹੱਕ ਖੋਹਿਆ ਨਹੀਂ ਜਾ ਸਕਦਾ। ਅਦਾਲਤ ਨੇ ਸੂਬਾ ਸਰਕਾਰ ਨੂੰ ਹੁਕਮ ਦਿੱਤਾ ਹੈ ਕਿ ਇਨ੍ਹਾਂ ਅਰਜ਼ੀਆਂ ਨੂੰ ਪੁਰਾਣੀ ਪ੍ਰਕਿਰਿਆ ਤਹਿਤ ਮੁੜ ਵਿਚਾਰਿਆ ਜਾਵੇ ਅਤੇ ਅਰਜ਼ੀਕਾਰਾਂ ਨੂੰ 20,000 ਡਾਲਰ ਦਾ ਸਮੂਹਿਕ ਖਰਚਾ ਦਿੱਤਾ ਜਾਵੇ। ਹਾਲਾਂਕਿ, ਬੈਂਚ ਦੇ ਤੀਜੇ ਜੱਜ (ਜਸਟਿਸ ਵਰਮੇਟ) ਨੇ ਇਸ ਫ਼ੈਸਲੇ ਨਾਲ ਅਸਹਿਮਤੀ ਜਤਾਉਂਦਿਆਂ ਸਰਕਾਰ ਦੇ ਪੱਖ ਵਿਚ ਆਪਣੀ ਅਸਹਿਮਤੀ ਵੀ ਦਰਜ ਕਰਾਈ। ਉਨ੍ਹਾਂ ਸਪੱਸ਼ਟ ਕੀਤਾ ਕਿ ਇਸ ਫ਼ੈਸਲੇ ਦਾ ਮਤਲਬ ਸਿੱਧਾ ਪੀ.ਆਰ. ਮਿਲਣਾ ਨਹੀਂ, ਸਗੋਂ ਅਰਜ਼ੀਆਂ ਨੂੰ ਮੁੜ ਖੋਲ੍ਹ ਕੇ ਹਰ ਫਾਈਲ ਦੀ ਵੱਖਰੇ ਤੌਰ 'ਤੇ ਨਿਰਪੱਖ ਜਾਂਚ ਕਰਨਾ ਹੈ ਅਤੇ ਇਹੀ ਉਹ ਇਨਸਾਫ਼ ਸੀ, ਜਿਸ ਲਈ ਪੰਜਾਬੀ ਵਿਦਿਆਰਥੀਆਂ ਤੇ ਕਾਮਿਆਂ ਨੇ ਲੰਬੀ ਲੜਾਈ ਲੜੀ ਸੀ। ਇਹ ਫ਼ੈਸਲਾ ਸਾਬਤ ਕਰਦਾ ਹੈ ਕਿ ਕਾਨੂੰਨ ਸਭ ਲਈ ਬਰਾਬਰ ਹੈ ਅਤੇ ਸਰਕਾਰ ਆਪਣੀ ਮਰਜ਼ੀ ਨਾਲ ਕਿਸੇ ਦੇ ਬਣੇ-ਬਣਾਏ ਹੱਕ ਨਹੀਂ ਖੋਹ ਸਕਦੀ।

ਰੱਬਾ ਇੰਨੇ ਜੋਗਾ ਕਰਦੇ ਕਿ ਲੋਕ ਕਹਿਣ ਇੰਨੇ ਜੋਗਾ ਕਿੱਥੇ ਸੀ...

TAKE CONTROL OF YOUR HEALTH!

PRIVATE, AFFORDABLE, & CONVENIENT

8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

NO INSURANCE? NO PROBLEM!

WALK-INS WELCOME



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336

WHOLE HOME SOLAR & BATTERY
STARTING AT $25,000

For a standard 5kW Solar & 14kWh Battery system

Roof or main panel upgrades not included



Clear & Up-Front Pricing

High-Efficiency Components

Permits and Utility Approvals Included

Protect Existing NEM 2.0
(Via Non-Export Configuration)

CALL HARRY FOR A QUOTE | (925) 537-2732

Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.

Gillson
TRUCKING INC

NOW HIRING
TRUCK DRIVERS
CLASS A CDL



- Signing Bonus
- Top pay
- Mileage Pay
- Great Benefits
- Over the Road or Local Routes
- Reefers and Dry Van Operations
- No touch freight



SKILLS

- Responsible truck driver.
- Experience with electronic equipment.
- Ability to travel regularly.
- Adaptivity and foresight to handle unexpected situations (traffic, weather conditions and roads, etc.)

RESPONSIBILITIES

- Safely operating assigned vehicles.
- The Vehicles are maintained and serviced as needed.
- Report any vehicle defects for repair.
- Make safety a priority at all times.
- Comply with standard federal laws and with company. policies and procedures.

PAY

- Average pay: $0.45-$0.60 cents/mile
- Weekly direct deposits
- Bonuses for clean inspections
- High mileage bonuses

NEWER EQUIPMENT

FREIGHTLINER AND VOLVO 2020 AND PRESENT
RESET PAY AWAY FROM TERMINALS- STOCKTON,. CA AND DAYTON, OHIO

Flexible Home Time
Pet Friendly
Rider Policy

SCAN QR CODE FOR
APPLY NOW

HEALTH BENEFITS Health Dental Vision

1801 E Dr. Martin Luther King Jr. Blvd.
Stockton, CA 95205

925-400-9094 ext. 116, ext. 130 and ext. 144

info@teamgillson.com



GET IN TOUCH gillsontrucking company/gillsontrucking www.teamgillson.com



ਜਗਰੂਪ ਸਿੰਘ ਜਰਖੜ
98143-00722

ਪੰਜ ਖਿਡਾਰੀਆਂ ਅਤੇ ਇੱਕ ਕੋਚ ਦਾ ਵੱਖ-ਵੱਖ ਐਵਾਰਡਾਂ ਨਾਲ ਗੁਰੂ ਗੋਬਿੰਦ ਸਿੰਘ ਹਾਕੀ ਚੈਂਪੀਅਨਸ਼ਿਪ 'ਤੇ ਹੋਵੇਗਾ ਵਿਸ਼ੇਸ਼ ਸਨਮਾਨ



10ਵਾਂ ਗੁਰੂ ਗੋਬਿੰਦ ਸਿੰਘ ਗੋਲਡ ਕੱਪ ਅੰਡਰ-17 (ਮੁੰਡੇ ਅਤੇ ਕੁੜੀਆਂ) 29 ਨਵੰਬਰ ਤੋਂ 2 ਦਸੰਬਰ 2026 ਤੱਕ ਸਥਾਨਕ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਸਟੇਡੀਅਮ, ਪੀ.ਏ.ਯੂ., ਲੁਧਿਆਣਾ ਵਿਖੇ ਖੇਡਿਆ ਜਾਵੇਗਾ। ਇਸ ਮੌਕੇ ਲੁਧਿਆਣਾ ਜ਼ਿਲ੍ਹੇ ਦੇ ਉੱਭਰਦੇ 5 ਖਿਡਾਰੀਆਂ ਅਤੇ 1 ਕੋਚ ਦਾ ਵੱਖ-ਵੱਖ ਐਵਾਰਡਾਂ ਨਾਲ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

1. 1982 ਏਸ਼ੀਅਨ ਖੇਡਾਂ ਜੇਤੂ ਸ਼ਰਨਜੀਤ ਕੌਰ ਐਵਾਰਡ
ਮੁੰਡੀਆਂ ਕਲਾਂ ਹਾਕੀ ਸੈਂਟਰ ਦੀ ਉੱਭਰਦੀ ਹਾਕੀ ਖਿਡਾਰਨ ਜੈਸਮੀਨ ਕੌਰ ਜਿਸ ਨੇ ਅੰਡਰ-17 ਵਰਗ ਵਿੱਚ ਕੌਮੀ ਸਕੂਲ ਹਾਕੀ ਚੈਂਪੀਅਨਸ਼ਿਪ ਰਾਂਚੀ ਵਿੱਚ ਹਿੱਸਾ ਲਿਆ ਅਤੇ 4 ਵਾਰ ਪੰਜਾਬ ਸਕੂਲ ਗੇਮਜ਼ ਵਿੱਚ ਲੁਧਿਆਣਾ ਜ਼ਿਲ੍ਹੇ ਦੀ ਨੁਮਾਇੰਦਗੀ ਕੀਤੀ। ਉਸ ਦੀਆਂ ਪ੍ਰਾਪਤੀਆਂ ਨੂੰ ਦੇਖਦਿਆਂ ਉਸਨੂੰ "1982 ਏਸ਼ੀਅਨ ਖੇਡਾਂ ਦੀ ਗੋਲਡ ਮੈਡਲਿਸਟ ਓਲੰਪੀਅਨ ਸ਼ਰਨਜੀਤ ਕੌਰ ਐਵਾਰਡ" ਨਾਲ ਸਨਮਾਨਿਆ ਜਾਵੇਗਾ।

2. ਅੰਤਰਰਾਸ਼ਟਰੀ ਗੋਲਕੀਪਰ ਹਰਜੋਤ ਸਿੰਘ ਜਯੋਤੀ ਐਵਾਰਡ
ਜਰਖੜ ਹਾਕੀ ਅਕੈਡਮੀ ਦੇ ਉੱਭਰਦੇ ਗੋਲਕੀਪਰ ਰਵਿੰਦਰ ਸਿੰਘ ਰਵੀ ਜਿਨ੍ਹਾਂ ਨੇ ਪੰਜਾਬ ਸਕੂਲ ਸਟੇਟ ਖੇਡਾਂ ਵਿੱਚ ਕਾਂਸੀ ਦਾ ਤਗਮਾ ਅਤੇ ਖੇਡਾਂ ਵਤਨ ਪੰਜਾਬ ਵਿੱਚ ਸੋਨੇ ਦਾ ਤਗਮਾ ਜਿੱਤਿਆ ਹੈ।
ਉਹਨਾਂ ਦੀਆਂ ਪ੍ਰਾਪਤੀਆਂ ਨੂੰ ਦੇਖਦਿਆਂ "ਅੰਤਰਰਾਸ਼ਟਰੀ ਹਾਕੀ ਖਿਡਾਰੀ ਹਰਜੋਤ ਸਿੰਘ ਜਯੋਤੀ ਐਵਾਰਡ" ਨਾਲ ਸਨਮਾਨਿਆ ਜਾਵੇਗਾ।

3. ਕੌਮੀ ਹਾਕੀ ਖਿਡਾਰੀ ਰਛਪਾਲ ਸਿੰਘ ਨਾਗੀ ਐਵਾਰਡ
ਮਾਲਵਾ ਹਾਕੀ ਅਕੈਡਮੀ ਦੇ ਉੱਭਰਦੇ ਫੁੱਲਬੈਕ ਅਤੇ ਪੈਨਲਟੀ ਕਾਰਨਰ ਸਪੈਸ਼ਲਿਸਟ ਮਨਮੋਹਨ ਸਿੰਘ ਜਿਸ ਨੇ ਅੰਡਰ-14 ਵਰਗ ਵਿੱਚ ਕੌਮੀ ਹਾਕੀ ਚੈਂਪੀਅਨਸ਼ਿਪ ਖੇਡੀ ਅਤੇ ਸਟੇਟ ਪੱਧਰ 'ਤੇ ਵੱਡੀਆਂ ਪ੍ਰਾਪਤੀਆਂ ਕੀਤੀਆਂ। ਉਹਨਾਂ ਨੂੰ "ਕੌਮੀ ਹਾਕੀ ਖਿਡਾਰੀ ਰਛਪਾਲ ਸਿੰਘ ਨਾਗੀ ਐਵਾਰਡ" ਨਾਲ ਸਨਮਾਨਿਆ ਜਾਵੇਗਾ।

4. ਓਲੰਪੀਅਨ ਹਰਦੀਪ ਸਿੰਘ ਗਰੇਵਾਲ ਐਵਾਰਡ
ਚਚਰਾੜੀ ਹਾਕੀ ਅਕੈਡਮੀ ਦੇ ਹੋਣਹਾਰ ਹਾਫ ਬੈਕ ਪ੍ਰਭਜੋਤ ਸਿੰਘ ਜਿਨ੍ਹਾਂ ਨੇ ਸਟੇਟ ਸਕੂਲ ਖੇਡਾਂ ਵਿੱਚ ਚਾਂਦੀ ਦਾ ਤਮਗਾ ਜਿੱਤਿਆ, ਖੇਡਾਂ ਵਤਨ ਪੰਜਾਬ ਅਤੇ ਹੋਰ ਖੇਡ ਮੁਕਾਬਲਿਆਂ ਵਿੱਚ ਵੱਡੀਆਂ ਪ੍ਰਾਪਤੀਆਂ ਹਾਸਲ ਕੀਤੀਆਂ। ਉਹਨਾਂ ਨੂੰ ਹਾਫ ਬੈਕ ਵਜੋਂ "ਓਲੰਪੀਅਨ ਹਰਦੀਪ ਸਿੰਘ ਗਰੇਵਾਲ ਐਵਾਰਡ" ਨਾਲ ਸਨਮਾਨਿਆ ਜਾਵੇਗਾ।

5. ਓਲੰਪੀਅਨ ਬਲਵੀਰ ਸਿੰਘ ਰੇਲਵੇ ਐਵਾਰਡ
ਜ਼ਿਲ੍ਹਾ ਲੁਧਿਆਣਾ ਦੀ ਹਾਕੀ ਟੀਮ ਦੇ ਹੋਣਹਾਰ ਉੱਭਰਦੇ ਖਿਡਾਰੀ, ਜਰਖੜ ਹਾਕੀ ਅਕੈਡਮੀ ਦੇ ਟਰੇਨੀ ਅਤੇ ਪੈਨਲਟੀ ਕਾਰਨਰ ਸਪੈਸ਼ਲਿਸਟ ਫਾਰਵਰਡ ਗੁਰਮਾਨਵਦੀਪ ਸਿੰਘ ਚਾਹਲ ਜਿਨ੍ਹਾਂ ਨੇ 3 ਵਾਰ ਕੌਮੀ ਸਕੂਲ ਹਾਕੀ ਚੈਂਪੀਅਨਸ਼ਿਪ ਖੇਡੀ ਅਤੇ ਤਗਮੇ ਹਾਸਲ ਕੀਤੇ। ਉਹਨਾਂ ਨੂੰ "ਓਲੰਪੀਅਨ ਬਲਵੀਰ ਸਿੰਘ ਰੇਲਵੇ ਹਾਕੀ ਐਵਾਰਡ" ਨਾਲ ਸਨਮਾਨਿਆ ਜਾਵੇਗਾ।

6. ਪਦਮ ਸ਼੍ਰੀ, ਦਰੋਣਾਚਾਰੀਆ ਹਾਕੀ ਕੋਚ ਬਲਦੇਵ ਸਿੰਘ ਐਵਾਰਡ
ਲੁਧਿਆਣਾ ਜ਼ਿਲ੍ਹੇ ਦੇ ਚਰਚਿਤ ਪਿੰਡ ਕਿਲ੍ਹਾ ਰਾਏਪੁਰ ਦੇ ਨਾਮੀ ਖਿਡਾਰੀ ਅਤੇ ਲਵਲੀ ਯੂਨੀਵਰਸਿਟੀ ਦੇ ਚੀਫ ਕੋਚ ਜਗਜੀਤ ਸਿੰਘ ਜੱਗੀ ਜਿਨ੍ਹਾਂ ਦੀ ਕੋਚਿੰਗ ਸਦਕਾ ਲਵਲੀ ਯੂਨੀਵਰਸਿਟੀ ਨੇ ਆਲ ਇੰਡੀਆ ਅੰਤਰ-ਯੂਨੀਵਰਸਿਟੀ ਵਿੱਚ ਚਾਂਦੀ ਦਾ ਤਮਗਾ ਜਿੱਤਿਆ।
ਹਾਕੀ ਕੋਚਿੰਗ ਵਿੱਚ ਉਹਨਾਂ ਦੀਆਂ ਵਡਮੁੱਲੀਆਂ ਪ੍ਰਾਪਤੀਆਂ ਨੂੰ ਦੇਖਦਿਆਂ ਉਹਨਾਂ ਨੂੰ "ਪਦਮ ਸ਼੍ਰੀ, ਦਰੋਣਾਚਾਰੀਆ ਹਾਕੀ ਕੋਚ ਬਲਦੇਵ ਸਿੰਘ ਐਵਾਰਡ" ਨਾਲ ਸਨਮਾਨਿਆ ਜਾਵੇਗਾ।
ਹਰ ਸਨਮਾਨਿਤ ਸ਼ਖਸੀਅਤ ਨੂੰ 5000 ਰੁਪਏ ਦੀ ਨਗਦ ਰਾਸ਼ੀ, ਐਵਾਰਡ, ਲੋਈ ਅਤੇ ਯਾਦਗਾਰੀ ਚਿੰਨ੍ਹ ਨਾਲ ਸਨਮਾਨਿਤ ਕੀਤਾ ਜਾਵੇਗਾ। ਉਕਤ ਐਵਾਰਡੀ ਸ਼ਖਸੀਅਤਾਂ ਆਪਣੇ ਹੱਥੀਂ ਹੀ ਇਹਨਾਂ ਉੱਭਰਦੇ ਖਿਡਾਰੀਆਂ ਅਤੇ ਕੋਚ ਨੂੰ ਐਵਾਰਡ ਪ੍ਰਦਾਨ ਕਰਨਗੇ।



SERVPRO
OF TRACY
Cleaning. Restoration. Construction.

ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ

ਅਸੀਂ Insurance Companies ਦੇ National Account 'ਤੇ ਹਾਂ

ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ

Before

After

- ਪਾਣੀ ਨਾਲ ਨੁਕਸਾਨ ਦੀ ਮੁਰੰਮਤ
- ਕਾਰਪੇਟ ਅਤੇ ਫਰਨੀਚਰ ਸੁਕਾਉਣਾ
- ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
- Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ

Before

After

ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ

2275 N Mac Arthur Dr Tracy, CA 95376

CONTACT FOR MORE INFORMATION

DEEPINDER MAHAL
President

Office (209) 834-0200
Cell (408) 963-7702

Pal Films Production

All Your Photo/Videography & Post Production needs Under One Roof







Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....



(925) 489-3400, (341) 356-1517

palfilms925@gmail.com www.thepalfilms.com

ATWAL
IMMIGRATION SERVICES

ATWAL
TAX & IMMIGRATION
— SERVICES —

- FAMILY PETITIONS
- NATURALIZATION (US CITIZENSHIP)
- GREEN CARD RENEW
- WORK PERMIT RENEW
- AFFIDAVIT OF SUPPORT
- INDIAN AND US PASSPORT RENEW
- INDIAN VISA
- OCI
- E-VISA
- INDIAN PASSPORT SURRENDER

ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ



TONY
ATWAL

ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com

ਜਾਂ ਫ਼ਿਰ ਸਾਡੀ WEBSITE
www.atwaltaximmigrationservices.com



ADDRESS 1
119 N Maple Ave, Ste B,Manteca, CA,95336 Manteca
(209) 505-6384

ADDRESS 2
2800 Mitchell Rd,Ste.W,Ceres ,CA 95307, Ceres
(209) 568-9682

ਭਾਸ਼ਣ ਦੀ ਪ੍ਰਭਾਵਸ਼ੀਲਤਾ !



ਜ਼ਫਰ ਇਕਬਾਲ ਜ਼ਫਰ
ਸ਼ਖਸੀ ਐਜੂਕੇਸ਼ਨ ਟਰੱਸਟ ਲਾਹੌਰ ਪਾਕਿਸਤਾਨ
+92-3004837173

ਪਿਛਲੇ ਸਮੇਂ ਵਿੱਚ, ਭਾਸ਼ਣਾਂ ਰਾਹੀਂ ਅੰਦੋਲਨਾਂ ਲਈ ਮਹਾਨ ਟੀਚੇ ਪ੍ਰਾਪਤ ਕੀਤੇ ਗਏ ਹਨ। ਇੱਕ ਸਮੇਂ ਦੇ ਬਾਅਦ ਵੀ, ਇਹਨਾਂ ਭਾਸ਼ਣਾਂ ਤੋਂ ਕੱਢੇ ਗਏ ਸਿੱਟੇ ਸਾਨੂੰ ਅਤੀਤ ਵਿੱਚ ਵਾਪਸ ਲੈ ਜਾਂਦੇ ਹਨ ਅਤੇ ਵਰਤਮਾਨ ਵਿੱਚ ਖੂਨ ਨੂੰ ਗਰਮ ਕਰਦੇ ਹਨ। ਕੋਈ ਵੀ ਅੰਦੋਲਨ ਭਾਸ਼ਣਾਂ ਤੋਂ ਬਿਨਾਂ ਆਪਣੀ ਮੰਜ਼ਿਲ 'ਤੇ ਨਹੀਂ ਪਹੁੰਚਦਾ। ਧਰਮ ਅਤੇ ਵਤਨ ਨੇ ਵੀ ਆਪਣੀ ਸਥਾਪਨਾ ਅਤੇ ਸ਼ਾਨ ਲਈ ਭਾਸ਼ਣਾਂ ਦੀ ਵਰਤੋਂ ਕੀਤੀ ਹੈ। ਭਾਸ਼ਣ ਕਦੇ ਜਵਾਲਾਮੁਖੀ ਹੁੰਦੇ ਹਨ, ਕਦੇ ਅੱਗ, ਕਦੇ ਝਰਨੇ। ਕੁਝ ਭਾਸ਼ਣ ਸਾਰੇ ਰੂਪਾਂ ਨੂੰ ਜੋੜਦੇ ਹਨ। ਪਾਕਿਸਤਾਨ ਦੀ ਸਥਾਪਨਾ ਲਈ, ਉਹ ਭਾਸ਼ਣ ਜਿਨ੍ਹਾਂ ਵਿੱਚ ਆਜ਼ਾਦੀ ਅਤੇ ਪਾਕਿਸਤਾਨ ਦੀ ਮੰਗ ਹੁੰਦੀ ਹੈ ਜਾਂ ਸੋਚ, ਕਾਰਵਾਈ, ਅਤੇ ਨਿਰਸਵਾਰਥਤਾ ਅਤੇ ਕੁਰਬਾਨੀ ਦਾ ਉਪਦੇਸ਼ ਹੁੰਦਾ ਹੈ, ਇੱਕ ਜਵਾਲਾਮੁਖੀ ਵਾਂਗ ਹੁੰਦੇ ਹਨ। ਅੱਗ ਅਤੇ ਗਰਮੀ ਦਾ ਵਿਸ਼ਾਲ ਤੱਤ ਵਿਰੋਧੀ 'ਤੇ ਹਾਵੀ ਹੋਣਾ ਚਾਹੀਦਾ ਹੈ ਅਤੇ ਹਰ ਰੁਕਾਵਟ ਨੂੰ ਪਾਰ ਕਰਨਾ ਚਾਹੀਦਾ ਹੈ।

ਪੈਗੰਬਰ (ਸ.ਅ.ਵ.) ਦੀ ਉਦਾਹਰਣ ਨਾਲ ਜੁੜੇ ਕਿਸਮਤ, ਵਿਸ਼ਵਾਸ ਦੀ ਕਮਜ਼ੋਰੀ, ਏਕਤਾ ਦੀ ਘਾਟ, ਸਹੀ ਸੋਚ ਤੋਂ ਵਾਂਝੇ ਹੋਣਾ ਅਤੇ ਸੱਚ ਦੇ ਮਾਰਗ ਤੋਂ ਭਟਕਣਾ ਇੱਕ ਝਰਨੇ ਵਾਂਗ ਸਨ, ਜੋ ਇਹ ਕਹਿ ਕੇ ਡਿੱਗ ਰਿਹਾ ਸੀ, "ਖੈਰ, ਤੁਸੀਂ ਮੇਰੇ ਪੱਧਰ ਤੱਕ ਨਹੀਂ ਉੱਠ ਸਕਦੇ, ਇਸ ਲਈ ਮੈਂ ਉਚਾਈਆਂ ਤੋਂ ਹੇਠਾਂ ਆਵਾਂਗਾ ਅਤੇ ਤੁਹਾਡੀਆਂ ਕਿਸ਼ਤੀਆਂ ਨੂੰ ਪਾਣੀ ਦੇਵਾਂਗਾ।" ਆਮ ਤੌਰ 'ਤੇ, ਭਾਵੁਕ ਭਾਸ਼ਣ, ਜਦੋਂ ਉਹਨਾਂ ਨੂੰ ਸੰਖੇਪ ਢੰਗ ਨਾਲ ਲਿਖਿਆ ਜਾਂਦਾ ਹੈ, ਬਹੁਤ ਆਮ ਜਾਪਦੇ ਹਨ। ਜਦੋਂ ਕਿਸੇ ਘਟਨਾ ਜਾਂ ਹਾਦਸੇ ਦੇ ਸੰਬੰਧ ਵਿੱਚ ਕੀਤੇ ਗਏ ਧੂੰਏਂ ਵਾਲੇ ਭਾਸ਼ਣ 'ਤੇ ਸਮਾਂ ਬੀਤ ਜਾਂਦਾ ਹੈ, ਅਤੇ ਪਾਠਕ ਮਾਨਸਿਕ ਤੌਰ 'ਤੇ ਉਸ ਪਲ ਤੋਂ ਬਹੁਤ ਦੂਰ ਹੋ ਜਾਂਦਾ ਹੈ ਜੋ ਦਰਸ਼ਕਾਂ ਲਈ ਉਪਲਬਧ ਸੀ, ਤਾਂ ਅਜਿਹਾ ਭਾਸ਼ਣ ਇੱਕ ਬੁਝੀ ਹੋਈ ਅੱਗ ਦੇ ਧੂੰਏਂ ਤੋਂ ਵੱਧ ਕੁਝ ਨਹੀਂ ਹੁੰਦਾ।

ਫਿਰ ਵੀ, ਬੁਲਾਰੇ ਦੀ ਸ਼ਖਸੀਅਤ, ਗੁਣ, ਸ਼ੈਲੀ ਅਤੇ ਸੁਰ ਭਾਸ਼ਣ ਵਿੱਚ ਇੱਕ ਪ੍ਰਭਾਵ ਪੈਦਾ ਕਰਦੇ ਹਨ, ਅਤੇ ਲਿਖਤ ਵਿੱਚ ਉਨ੍ਹਾਂ ਦੀ ਗੈਰਹਾਜ਼ਰੀ ਕਾਰਨ ਹੋਣ ਵਾਲੀ ਘਾਟ ਸਮੇਂ ਦੇ ਨਾਲ ਵਧਦੀ ਜਾਂਦੀ ਹੈ, ਜਦੋਂ ਤੱਕ ਕਿ ਇੱਕ ਸਮੇਂ ਦੇ ਬਾਅਦ, ਭਾਸ਼ਣ ਪੜ੍ਹਨ ਲਈ ਕੁਝ ਨਹੀਂ ਬਚਦਾ। ਹਰ ਕਿਸੇ ਨੂੰ ਭਵਿੱਖ ਵਿੱਚ ਵੇਖਣ ਦੀ ਯੋਗਤਾ ਪ੍ਰਾਪਤ ਨਹੀਂ ਹੁੰਦੀ ਤਾਂ ਜੋ ਇੱਕ ਖਾਸ ਉਦੇਸ਼ ਲਈ ਜਨਤਕ ਰਾਏ ਨੂੰ ਫੈਸਲੇ 'ਤੇ ਲਿਆਇਆ ਜਾ ਸਕੇ। ਸਿਰਫ ਇਸ ਗੁਣ ਦੇ ਸਬੂਤ 'ਤੇ ਹੀ ਕਿਸੇ ਨੂੰ ਨੇਤਾ ਕਿਹਾ ਜਾ ਸਕਦਾ ਹੈ, ਜੋ ਲੋਕਾਂ ਦੇ ਖੂਨ ਨੂੰ ਇੰਨਾ ਗਰਮ ਰੱਖਦਾ ਹੈ ਕਿ ਲੋਕ ਅੰਦੋਲਨ ਦੀ ਸਫਲਤਾ ਲਈ ਆਪਣਾ ਖੂਨ ਵੀ ਵਹਾਉਂਦੇ ਹਨ ਜਦੋਂ ਤੱਕ ਲੋੜੀਂਦੇ ਟੀਚੇ ਪ੍ਰਾਪਤ ਨਹੀਂ ਹੋ ਜਾਂਦੇ। ਅਤੀਤ ਗਵਾਹ ਹੈ ਕਿ ਖੂਨੀ ਇਨਕਲਾਬ ਭਾਸ਼ਣਾਂ ਰਾਹੀਂ ਲਿਆਂਦੇ ਗਏ ਸਨ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਦਾ ਖੂਨ ਬਚਾਇਆ ਜਾ ਸਕੇ।

ਲੋਕਾਂ ਦੇ ਦਿਲਾਂ ਨੂੰ ਲੰਬੇ ਸਮੇਂ ਤੱਕ ਚੱਲਣ ਵਾਲੀਆਂ ਹਰਕਤਾਂ ਲਈ ਗਰਮ ਰੱਖਣਾ ਅਤੇ ਭਾਵਨਾਵਾਂ ਦਾ ਤਾਪਮਾਨ ਘੱਟ ਨਾ ਹੋਣ ਦੇਣਾ, ਦਰਸ਼ਕਾਂ ਨੂੰ ਕਿਸੇ ਫੈਸਲੇ 'ਤੇ ਦ੍ਰਿੜ ਬਣਾਉਣਾ, ਉਨ੍ਹਾਂ ਨੂੰ ਦ੍ਰਿੜ ਵਿਚਾਰਧਾਰਾ ਅਤੇ ਸੋਚ ਦੇ ਕੇ ਮੁਜਾਹਿਦ ਬਣਾਉਣਾ ਇੱਕ ਨੇਤਾ ਦਾ ਕੰਮ ਹੈ। ਹਰ ਕਿਸੇ ਨੂੰ ਸਫਲਤਾ ਦੀ ਅੱਗ ਨੂੰ ਦੂਜਿਆਂ ਦੇ ਸੀਨੇ ਵਿੱਚ ਤਬਦੀਲ ਕਰਨ ਅਤੇ ਟੀਚੇ ਦੀ ਪੂਰਤੀ ਨਾਲ ਜੁੜਿਆ ਇਤਿਹਾਸ ਸਿਰਜਣ ਦੀ ਯੋਗਤਾ ਪ੍ਰਾਪਤ ਨਹੀਂ ਹੁੰਦੀ।

ਜਿੱਥੇ ਮਨੁੱਖਤਾ ਦੇ ਭਲੇ ਲਈ ਬ੍ਰਹਮ ਉਦੇਸ਼ ਦੀ ਪੂਰਤੀ 'ਤੇ ਭਾਸ਼ਣ ਦਿੱਤੇ ਗਏ ਹਨ, ਉੱਥੇ ਮੌਕਾਪ੍ਰਸਤਾਂ ਨੇ ਨਿੱਜੀ ਅਤੇ ਰਾਜਨੀਤਿਕ ਹਿੱਤਾਂ ਲਈ ਭਿਆਨਕ ਬਿਆਨਬਾਜ਼ੀ ਨਾਲ ਮਨੁੱਖੀ ਮਨਾਂ ਨਾਲ ਖੇਡਿਆ ਹੈ, ਸੁਆਰਥੀ ਬਿਆਨਬਾਜ਼ੀ ਨਾਲ ਕਮਜ਼ੋਰ ਦਿਮਾਗਾਂ ਨੂੰ ਪ੍ਰਭਾਵਿਤ ਕੀਤਾ ਹੈ, ਅਤੇ ਲੋਕ ਇੱਕ ਘਟੀਆ ਆਦਮੀ ਦੀ ਮਹਾਨਤਾ ਨਾਲ ਗੁੰਮਰਾਹ ਹੋਣਗੇ। ਭਾਸ਼ਣ ਸੁਣਦੇ ਸਮੇਂ, ਇੱਕ ਅਪੰਗ ਮਨ ਦਾ ਫੈਸਲਾ ਅਤੇ ਇੱਕ ਸਿਹਤਮੰਦ ਮਨ ਵੱਖਰਾ ਹੁੰਦਾ ਹੈ। ਭਾਸ਼ਣ ਦੂਜਿਆਂ ਦੇ ਦਿਲਾਂ ਤੱਕ ਆਪਣਾ ਸੁਨੇਹਾ ਪਹੁੰਚਾਉਣ ਦੀ ਕਲਾ ਦਾ ਨਾਮ ਹੈ, ਪਰ ਜੋ ਇਸ ਕਲਾ ਨੂੰ ਜ਼ਿੰਦਾ ਰੱਖਦਾ ਹੈ ਉਹ ਹੈ ਉਦੇਸ਼ ਦੀ ਮਹੱਤਤਾ, ਸ਼ਬਦਾਂ ਦੀ ਚੋਣ ਅਤੇ ਸ਼ੈਲੀ।

ਇਹ ਵੀ ਕਿਹਾ ਗਿਆ ਹੈ ਕਿ ਇਹ ਨਾ ਦੇਖੋ ਕਿ ਇਹ ਕੌਣ ਕਹਿ ਰਿਹਾ ਹੈ, ਦੇਖੋ ਕਿ ਕੀ ਕਿਹਾ ਜਾ ਰਿਹਾ ਹੈ। ਪਰ ਆਓ ਇਸ ਨਾਲ ਇੱਕ ਹੋਰ ਕੀਮਤੀ ਗੱਲ ਜੋੜੀਏ ਕਿ ਜੇਕਰ ਕੋਈ ਕਿਰਦਾਰ ਵਾਲਾ ਆਦਮੀ ਕੁਝ ਅਜਿਹਾ ਕਹਿੰਦਾ ਹੈ ਜਿਸ 'ਤੇ ਉਹ ਖੁਦ ਕੰਮ ਕਰ ਰਿਹਾ ਹੁੰਦਾ ਹੈ, ਤਾਂ ਉਸਦੀ ਭਾਸ਼ਾ ਦਾ ਪ੍ਰਭਾਵ ਹੁੰਦਾ ਹੈ, ਭਾਵੇਂ ਝੂਠਾ ਸੱਚ ਬੋਲਦਾ ਹੈ, ਉਸਦਾ ਆਪਣਾ ਆਪ ਇੱਕ ਚੰਗੇ ਨਤੀਜੇ ਤੋਂ ਵਾਂਝਾ ਰਹਿੰਦਾ ਹੈ।

ਇੱਕ ਨੇਤਾ ਦਾ ਜੀਵੰਤ ਭਾਸ਼ਣ ਲੱਖਾਂ ਸਰੋਤਿਆਂ ਨੂੰ ਟਿੱਪਣੀਕਾਰ ਅਤੇ ਵਿਸ਼ਲੇਸ਼ਕ ਬਣਾ ਦਿੰਦਾ ਹੈ। ਦ੍ਰਿਸ਼ਟੀਕੋਣ ਨੂੰ ਜੋੜਿਆ ਜਾਂਦਾ ਹੈ, ਕਦੇ ਇੱਕ ਸਵਾਲ ਬਣਦਾ ਹੈ, ਕਦੇ ਇੱਕ ਜਵਾਬ ਬਣਦਾ ਹੈ, ਅਤੇ ਕਦੇ ਦੋਵੇਂ ਰੂਪ ਇਕੱਠੇ ਕੀਤੇ ਜਾਂਦੇ ਹਨ। ਸਰੋਤਿਆਂ ਦੀਆਂ ਭਾਵਨਾਵਾਂ ਨੂੰ ਉਚਾਈਆਂ 'ਤੇ ਲੈ ਜਾਣਾ ਅਤੇ ਫਿਰ ਇੱਕ ਛੋਟੇ ਭਾਸ਼ਣ ਨਾਲ ਉਨ੍ਹਾਂ ਨੂੰ ਧਰਤੀ 'ਤੇ ਵਾਪਸ ਲਿਆਉਣਾ ਇੱਕ ਬੁਲਾਰੇ ਦੀ ਕਲਾ ਦੀ ਸੰਪੂਰਨਤਾ ਹੈ।

ਦੁਨਿਆਵੀ ਉਦੇਸ਼ਾਂ ਲਈ ਕੀਤੇ ਗਏ ਭਾਸ਼ਣਾਂ ਵਿੱਚ, ਖੂਨ ਦੀ ਆਖਰੀ ਬੂੰਦ ਵਹਾਉਣ ਦੀਆਂ ਘੋਸ਼ਣਾਵਾਂ ਇੱਕ ਵਿਅਕਤੀ ਨੂੰ ਮਨੁੱਖੀ ਖੂਨ ਦਾ ਪਿਆਸਾ ਬਣਾ ਦਿੰਦੀਆਂ ਹਨ। ਜਦੋਂ ਸਥਿਤੀ ਬੇਕਾਬੂ ਹੋ ਜਾਂਦੀ ਹੈ, ਤਾਂ ਇਹ ਘੋਸ਼ਣਾਕਾਰ ਆਪਣੀਆਂ ਜਾਨਾਂ ਬਚਾਉਂਦੇ ਹੋਏ ਭੱਜਣ ਦਾ ਰਸਤਾ ਅਪਣਾਉਂਦੇ ਹਨ, ਅਤੇ ਉਨ੍ਹਾਂ ਦਾ ਐਲਾਨ ਧੋਖੇ ਵਿੱਚ ਆਏ ਲੋਕਾਂ ਦੀਆਂ ਜਾਨਾਂ ਲਈ ਖ਼ਤਰਾ ਬਣ ਜਾਂਦਾ ਹੈ। ਫਿਰ ਉਨ੍ਹਾਂ ਕੋਲ ਦੋ ਵਿਕਲਪ ਹੁੰਦੇ ਹਨ: ਉਸ ਉਦੇਸ਼ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਦਿਓ ਜਿਸ ਉਦੇਸ਼ ਨੂੰ ਪ੍ਰਾਪਤ ਕਰਨ ਲਈ ਉਨ੍ਹਾਂ ਨੂੰ ਪ੍ਰੇਰਿਤ ਕੀਤਾ ਗਿਆ ਹੈ ਜਾਂ ਜਾਨਾਂ ਬਚਾਉਣ ਦੇ ਉਦੇਸ਼ ਤੋਂ ਮੂੰਹ ਮੋੜ ਲਓ। ਅਜਿਹੇ ਮਾਮਲਿਆਂ ਵਿੱਚ ਵੀ, ਜਾਨਾਂ ਬਚਾਉਣ ਦਾ ਫਰਜ਼ ਉਦੇਸ਼ ਨੂੰ ਬੇਜਾਨ ਬਣਾ ਦਿੰਦਾ ਹੈ।

ਮਨੁੱਖੀ ਅਧਿਕਾਰਾਂ ਦੇ ਸੱਚੇ ਆਗੂਆਂ ਨੂੰ ਲੋਕਾਂ ਨੂੰ ਬਚਾਉਣ ਅਤੇ ਅਧਿਕਾਰ ਪ੍ਰਾਪਤ ਕਰਨ ਲਈ ਇੱਕ ਸਫਲ ਰਸਤਾ ਲੱਭਣ ਲਈ ਕਾਫ਼ੀ ਸਿਆਣਾ ਹੋਣਾ ਚਾਹੀਦਾ ਹੈ। ਹੱਥਾਂ ਵਿੱਚ ਹੱਥਕੜੀਆਂ, ਪੈਰਾਂ ਵਿੱਚ ਬੇੜੀਆਂ, ਅਤੇ ਜ਼ਖ਼ਮਾਂ ਨਾਲ ਭਰਿਆ ਸਰੀਰ। ਇਹ ਜਨਤਕ ਕੁਰਬਾਨੀ ਹੈ ਜੋ ਇੱਕ ਨੇਤਾ ਨੂੰ ਮਿਲਦੀ ਹੈ। ਇੱਕ ਨੇਤਾ ਉਹ ਹੁੰਦਾ ਹੈ ਜੋ ਖੁਦ ਜ਼ਹਿਰ ਪੀਂਦਾ ਹੈ, ਪਰ ਜਦੋਂ ਇਹ ਦੂਜਿਆਂ ਤੱਕ ਪਹੁੰਚਦਾ ਹੈ, ਤਾਂ ਇਹ ਸ਼ਹਿਦ ਵਿੱਚ ਬਦਲ ਜਾਂਦਾ ਹੈ।

ਜੇਕਰ ਇਸ ਸੰਦਰਭ ਵਿੱਚ ਦੇਖਿਆ ਜਾਵੇ, ਤਾਂ ਇਹ ਯਕੀਨੀ ਹੈ ਕਿ ਹਰ ਭਾਸ਼ਣ ਦੇ ਪਿੱਛੇ ਕੋਈ ਨੇਤਾ ਨਹੀਂ ਹੁੰਦਾ ਅਤੇ ਹਰ ਨੇਤਾ ਦਾ ਭਾਸ਼ਣ ਨਹੀਂ ਹੁੰਦਾ। ਹਰ ਕੋਈ ਪ੍ਰਭਾਵਸ਼ਾਲੀ ਭਾਸ਼ਣ ਚਾਹੁੰਦਾ ਹੈ ਅਤੇ ਕੋਈ ਭਾਸ਼ਣ ਦੇ ਸ਼ਬਦਾਂ ਤੋਂ ਉੱਭਰਨ ਵਾਲੀ ਸਥਿਤੀ ਦੀ ਜ਼ਿੰਮੇਵਾਰੀ ਲੈਂਦਾ ਹੈ। ਜੇਕਰ ਕੋਈ ਇਸ ਸਥਿਤੀ ਤੋਂ ਜਾਣੂ ਹੈ, ਤਾਂ ਸਭ ਤੋਂ ਵੱਡਾ ਬੁਲਾਰਾ ਵੀ ਨਤੀਜਾ ਦੇਖਣ ਤੋਂ ਬਾਅਦ ਵਾਕਾਂ ਦੀ ਚੋਣ ਕਰਦਾ ਹੈ।

ਕੁਝ ਮਿੰਟਾਂ ਦੇ ਅਜਿਹੇ ਇਤਿਹਾਸਕ ਭਾਸ਼ਣ ਹੋਏ ਹਨ ਜਿਨ੍ਹਾਂ ਦੇ ਪਿੱਛੇ ਸਾਲਾਂ ਦੀ ਤਿਆਰੀ ਲੱਗਦੀ ਹੈ। ਹਰੇਕ ਸ਼ਬਦ ਅਤੇ ਵਾਕ ਦੇ ਕਈ ਪਹਿਲੂਆਂ 'ਤੇ ਵਿਚਾਰ ਕੀਤਾ ਗਿਆ ਸੀ ਅਤੇ ਫਿਰ ਭਾਸ਼ਣ ਦੇ ਸ਼ਬਦਾਂ ਅਤੇ ਸ਼ੈਲੀ ਨੂੰ ਇਸ ਤਰੀਕੇ ਨਾਲ ਵਿਵਸਥਿਤ ਕੀਤਾ ਗਿਆ ਸੀ ਕਿ ਲੋੜੀਂਦਾ ਨਤੀਜਾ ਪ੍ਰਾਪਤ ਕੀਤਾ ਜਾ ਸਕੇ। ਅਤੇ ਇਸ ਬਿੰਦੂ ਤੱਕ ਪਹੁੰਚਣ ਲਈ, ਮਨੁੱਖਤਾ ਦੀਆਂ ਭਲਾਈ ਦੀਆਂ ਸਥਿਤੀਆਂ ਲਈ ਇਰਾਦੇ ਨੂੰ ਸ਼ੁੱਧ ਕਰਨਾ ਅਤੇ ਪਰਮਾਤਮਾ ਦੀ ਪ੍ਰਵਾਨਗੀ ਲੈਣੀ ਪੈਂਦੀ ਹੈ।

ਜੇਕਰ ਤੁਸੀਂ ਜੋ ਦੱਸਣਾ ਚਾਹੁੰਦੇ ਹੋ, ਉਸਨੂੰ ਸ਼ਬਦਾਂ ਅਤੇ ਪ੍ਰਗਟਾਵਾਂ ਵਿੱਚ ਪ੍ਰਗਟ ਨਹੀਂ ਕੀਤਾ ਜਾਂਦਾ, ਤਾਂ ਜੋ ਕਿਹਾ ਜਾਂਦਾ ਹੈ ਉਸਦਾ ਅਰਥ ਬਦਲ ਜਾਂਦਾ ਹੈ। ਕਿੰਨੇ ਲੋਕ ਇਸ ਸਮੱਸਿਆ ਤੋਂ ਪੀੜਤ ਹਨ ਕਿ ਉਹ ਆਪਣੇ ਵਿਚਾਰਾਂ ਅਨੁਸਾਰ ਆਪਣੇ ਆਪ ਨੂੰ ਪ੍ਰਗਟ ਨਹੀਂ ਕਰ ਪਾਉਂਦੇ ਅਤੇ ਉਹ ਆਪਣਾ ਮਹੱਤਵ ਗੁਆ ਦਿੰਦੇ ਹਨ।

ਜ਼ਿੰਦਗੀ ਦੀ ਹਰ ਸੁੰਦਰਤਾ ਅਤੇ ਸੋਖ ਨੂੰ ਆਪਣੀਆਂ ਅੱਖਾਂ ਦੇ ਸਾਹਮਣੇ ਰੱਖੋ, ਜਿਸ ਵਿੱਚ ਆਪਣੀਆਂ ਪਤਨੀਆਂ ਦੇ ਚਮਕਦਾਰ ਚਿਹਰੇ, ਆਪਣੇ ਬੱਚਿਆਂ ਦੀਆਂ ਮੁਸਕਰਾਹਟਾਂ, ਆਪਣੇ ਕਾਰੋਬਾਰ ਅਤੇ ਆਪਣੀ ਰੋਜ਼ੀ-ਰੋਟੀ ਦੀਆਂ ਸਾਰੀਆਂ ਆਫ਼ਤਾਂ ਸ਼ਾਮਲ ਹਨ, ਅਤੇ ਉਤਸ਼ਾਹ ਨਾਲ ਨਹੀਂ, ਸਗੋਂ ਸੁਚੇਤ ਹੋ ਕੇ ਫੈਸਲੇ ਲਓ।

ਇੱਕ ਅਜਿਹਾ ਨੇਤਾ ਬਣਾਓ ਜਿਸਦੇ ਭਾਸ਼ਣਾਂ ਦੀ ਭਾਸ਼ਾ ਪਿੱਛੇ ਇੱਕ ਦਿਲ ਹੋਵੇ ਜੋ ਮਨੁੱਖੀ ਜੀਵਨ ਵਿੱਚ ਬਸੰਤ ਲਿਆਉਂਦਾ ਹੈ, ਖਾਦ ਬਣ ਕੇ ਧਰਤੀ ਵਿੱਚ ਸਮਾ ਜਾਂਦਾ ਹੈ, ਜੜ੍ਹਾਂ ਨੂੰ ਮਜ਼ਬੂਤ ਕਰਦਾ ਹੈ, ਮਿੱਟੀ ਅਤੇ ਪਾਣੀ ਤੋਂ ਸੁੰਦਰ ਫੁੱਲ ਪੈਦਾ ਕਰਦਾ ਹੈ, ਅਤੇ ਆਪਣੇ ਆਪ ਨੂੰ ਤਬਾਹ ਕਰਦਾ ਹੈ ਅਤੇ ਤੁਹਾਨੂੰ ਖੁਸ਼ੀ ਅਤੇ ਮਿਠਾਸ ਨਾਲ ਭਰਪੂਰ ਫਲ ਦਿੰਦਾ ਹੈ। ਹਰ ਸੁੰਦਰ ਅਤੇ ਪਵਿੱਤਰ ਇਮਾਰਤ ਆਪਣੇ ਨੀਂਹ ਪੱਥਰਾਂ ਦੀ ਸੁਰੱਖਿਆ ਦੀ ਭਾਲ ਕਰਦੀ ਹੈ।

ਅਣਗਿਣਤ ਮਨੁੱਖੀ ਪਾਤਰ ਆਦਮ (ਅ.ਸ.) ਅਤੇ ਉਸਦੇ ਉੱਤਰਾਧਿਕਾਰੀਆਂ ਵਿੱਚੋਂ ਲੰਘੇ ਹਨ, ਜੋ ਦੂਤਾਂ ਦੁਆਰਾ ਕੀਤੇ ਗਏ ਸਜਦਾ ਦੇ ਅਰਥ ਨੂੰ ਸਮਝਾਉਣ ਲਈ ਕਾਫ਼ੀ ਹਨ, ਅਤੇ ਅੱਜ ਵੀ ਬਹੁਤ ਸਾਰੇ ਪਾਤਰ ਹਨ ਜਿਨ੍ਹਾਂ ਦੇ ਬ੍ਰਹਮ ਕੰਮ ਲਈ ਜਨੂੰਨ ਦੂਤਾਂ ਨੂੰ ਉਨ੍ਹਾਂ ਲਈ ਸਫਲਤਾ ਲਈ ਪ੍ਰਮਾਤਮਾ ਅੱਗੇ ਪ੍ਰਾਰਥਨਾ ਕਰਨ ਲਈ ਮਜਬੂਰ ਕਰਦਾ ਹੈ।





SUNSHINE AUTO CARE INC

WE REPAIR ALL"

AUTO • DIESEL TRUCKS • TRAILERS

All Makes & Models



FULL SERVICE AUTO & DIESEL REPAIR

- Engine Diagnostics
- Brake Service
- Suspension & Steering
- Diesel Truck Repair
- Trailer Repair

Reliable • Professional • Fast Service

1003 MOFFAT BLVD.• MANTECA, CA 95336

209-239-1551

Arrested ?
DUI ?
Drug Charges ?
Gun Violation ?

Ghuman Law Group

Get the Legal Defence you Deserve.



Why Choose Us?

- ✓ Trusted Legal Experts
- ✓ Personalized Strategies
- ✓ Proven Track Record

Criminal Defence Law

- DUI / DWI Defense
- Drug Charges
- Domestic Violence Defense
- Assault & Battery Defense
- Theft / Fraud / Financial Crimes
- Probation Violations

Contact Us

info@ghumanlawgroup.com
ghumanlawgroup.org
+1 228-200-0001

INDERJIT S. TOOR
CONSTRUCTION INC.



INDERJIT S. TOOR
CONSTRUCTION INC.
LIC# 842324

ਕੀ ਤੁਸੀਂ ਨਵਾਂ ਘਰ ਜਾਂ ਵਪਾਰਕ ਇਮਾਰਤ
ਬਣਾਉਣ ਦੀ ਯੋਜਨਾ ਬਣਾ ਰਹੇ ਹੋ ?

ਹੋਟਲ | ਅਪਾਰਟਮੈਂਟ | ਡਾਕਟਰਾਂ ਦੇ ਦਫ਼ਤਰ
ਅਤੇ ਗੈਸ ਸਟੇਸ਼ਨਾਂ ਦੇ ਨਿਰਮਾਣ ਕਾਰਜਾਂ ਲਈ
INDERJIT S. TOOR
Construction
ਨਾਲ ਸੰਪਰਕ ਕਰੋ।

Location : Northern California

ਤੁਹਾਡੀ ਸਮੱਸਿਆ, ਸਾਡਾ ਹੱਲ !

HARINDER S. TOOR CEO | (209) 404-4063

htoor@toorinc.com | www.ToorInc.com

2351 Tenaya Dr. Ste D, Modesto, CA 95354



ਬਰਜਿੰਦਰ ਕੌਰ ਬਿਸਰਾਓ
99889-01324

ਅਸਲੀ ਜੇਤੂ

ਸੁਰਿੰਦਰ ਮਾਪਿਆਂ ਦੀ ਇਕਲੌਤੀ ਧੀ ਸੀ। ਉਸ ਦੇ ਪਾਲਣ ਪੋਸ਼ਣ ਵਿੱਚ ਉਹਨਾਂ ਨੇ ਕੋਈ ਕਮੀ ਨਹੀਂ ਛੱਡੀ ਸੀ। ਬਚਪਨ ਤੋਂ ਹੀ ਉਹ ਪੜ੍ਹਾਈ ਵਿੱਚ ਬਹੁਤ ਕਮਜ਼ੋਰ ਹੁੰਦੀ ਸੀ। ਹਰੇਕ ਜਮਾਤ ਵਿੱਚ ਪਿਤਾ ਨੇ ਆਪਣੇ ਅਹੁਦੇ ਦੀ ਧਾਕ ਤੇ ਅਤੇ ਪੈਸੇ ਦੇ ਜ਼ੋਰ ਤੇ ਪਾਸ ਕਰਵਾ ਦੇਣਾ ਕਿਉਂਕਿ ਉਹ ਬਹੁਤ ਉੱਚੇ ਅਹੁਦੇ ਤੇ ਲੱਗਿਆ ਹੋਇਆ ਸੀ ਜਿੱਥੋਂ ਉਹ ਲੋਕਾਂ ਤੋਂ ਰਿਸ਼ਵਤ ਦੇ ਰੂਪ ਵਿੱਚ ਮੋਟੀ ਰਕਮ ਵਸੂਲਦਾ ਸੀ । ਇਸ ਤਰ੍ਹਾਂ ਹੀ ਉਹ ਪਿਤਾ ਦੇ ਰੁਤਬੇ ਅਤੇ ਪੈਸੇ ਦੇ ਜ਼ੋਰ 'ਤੇ ਦਸਵੀਂ ਜਮਾਤ ਤੱਕ ਪਹੁੰਚ ਗਈ ਸੀ। ਦਸਵੀਂ ਵਿੱਚ ਉਸ ਦੀ ਕੰਪਾਰਟਮੈਂਟ ਆ ਗਈ । ਉਸ ਦੇ ਪਿਤਾ ਨੇ ਪੇਪਰ ਦੀ ਦੁਬਾਰਾ ਚੈਕਿੰਗ ਲਈ ਫ਼ਾਰਮ ਭਰਵਾ ਕੇ 'ਉੱਪਰ' ਵਾਲਿ਼ਆਂ ਨਾਲ਼ ਪੈਸੇ ਲੈ ਦੇ ਕੇ ਕੰਪਾਰਟਮੈਂਟ ਵਾਲ਼ੇ ਪੇਪਰ ਵਿੱਚੋਂ ਪਾਸ ਕਰਵਾ ਲਿਆ ਸੀ। ਹੁਣ ਇਹ ਸਿਲਸਿਲਾ ਲਗਾਤਾਰ ਜਾਰੀ ਰਿਹਾ। ਸੁਰਿੰਦਰ ਦੀਆਂ ਵੱਡੀਆਂ ਜਮਾਤਾਂ ਦੇ ਪੇਪਰਾਂ ਵਿੱਚ ਵੀ ਡਿਊਟੀ ਤੇ ਸੁਪਰਡੈਂਟ ਨਾਲ਼ ਗੰਢ ਤੁੱਪ ਕਰਕੇ ਪਹਿਲਾਂ ਹੀ ਮੋਟਾ ਚੜ੍ਹਾਵਾ ਚੜ੍ਹਾ ਕੇ ਪੇਪਰ ਕਰਵਾ ਦੇਣੇ। ਉਸ ਦੇ ਨਾਲ਼ ਪੜ੍ਹਦੀ ਗੁਆਂਢੀਆਂ ਦੀ ਕੁੜੀ ਰਮਨੀਕ ਨਾਲ਼ੋਂ ਵੱਧ ਅੰਕ ਆਉਣੇ ਕਿਉਂ ਕਿ ਉਸ ਨੂੰ ਕਮਰੇ ਵਿੱਚ ਅਲੱਗ ਬਿਠਾ ਕੇ ਪੇਪਰ ਕਰਵਾਇਆ ਜਾਂਦਾ ਸੀ। ਇਸ ਤਰ੍ਹਾਂ ਉਸ ਨੇ ਬੀ.ਏ ਪਾਸ ਕਰ ਲਈ ਸੀ। ਉਦੋਂ ਬੀ. ਐੱਡ ਵਿੱਚ ਬਹੁਤ ਮੁਸ਼ਕਲ ਨਾਲ ਦਾਖਲਾ ਮਿਲਦਾ ਹੁੰਦਾ ਸੀ। ਰਮਨੀਕ ਗਰੀਬ ਘਰ ਦੀ ਕੁੜੀ ਸੀ ਪਰ ਇੱਕ ਮਿਹਨਤ ਮਜ਼ਦੂਰੀ ਕਰਨ ਵਾਲੇ ਪਰਿਵਾਰ ਦੀ ਤੀਜੀ ਧੀ ਸੀ। ਸੁਰਿੰਦਰ ਨੂੰ ਪਿਤਾ ਦੇ ਪੈਸੇ ਅਤੇ ਅਹੁਦੇ ਦੇ ਸਿਰ ਤੇ ਬੀ.ਐੱਡ ਵਿੱਚ ਦਾਖਲਾ ਮਿਲ਼ ਗਿਆ ਸੀ। ਪਰ ਰਮਨੀਕ ਨੂੰ ਦਾਖ਼ਲਾ ਨਾ ਮਿਲ਼ਣ ਕਰਕੇ ਉਹ ਪੋਸਟ ਗ੍ਰੈਜੂਏਸ਼ਨ ਕਰਨ ਲੱਗੀ। ਉਸ ਨੂੰ ਇਸ ਗੱਲ ਦਾ ਬਹੁਤ ਦੁੱਖ ਹੁੰਦਾ ਸੀ ਕਿ ਪੈਸੇ ਦੇ ਸਿਰ ਤੇ ਸੁਰਿੰਦਰ ਜੀਵਨ ਦਾ ਹਰ ਪੜਾਅ ਬੜੀ ਅਸਾਨੀ ਨਾਲ ਪਾਰ ਕਰ ਰਹੀ ਸੀ। ਰਮਨੀਕ ਨੇ ਆਪਣੀ ਪੜ੍ਹਾਈ ਜਾਰੀ ਰੱਖੀ ਪਰ ਇਹ ਭੇਦਭਾਵ ਵਾਲ਼ੀ ਗੱਲ ਹਮੇਸ਼ਾ ਉਸ ਨੂੰ ਪ੍ਰੇਸ਼ਾਨਕਰਦੀ ਰਹਿੰਦੀ।

ਇਸੇ ਦੌਰਾਨ ਰਮਨੀਕ ਨੂੰ ਕਿਸੇ ਰਿਸ਼ਤੇਦਾਰੀ ਵਿੱਚੋਂ ਹੀ ਬਾਹਰਲੇ ਮੁੰਡੇ ਦਾ ਰਿਸ਼ਤਾ ਆਇਆ ਤੇ ਕੁਝ ਦਿਨਾਂ ਵਿੱਚ ਹੀ ਸਾਦੇ ਢੰਗ ਨਾਲ ਉਸ ਦਾ ਵਿਆਹ ਹੋ ਗਿਆ । ਮੁੰਡਾ ਬਾਹਰੋਂ ਕੁਝ ਦਿਨਾਂ ਲਈ ਹੀ ਆਇਆ ਹੋਣ ਕਰਕੇ ਉਨ੍ਹਾਂ ਦੀ ਜ਼ਿਆਦਾ ਦਾਜ ਦਹੇਜ ਵਾਲ਼ੀ ਕੋਈ ਮੰਗ ਨਹੀਂ ਸੀ। ਛੇ ਕੁ ਮਹੀਨਿਆਂ ਵਿੱਚ ਉਹ ਆਪਣੇ ਪਤੀ ਕੋਲ਼ ਬਾਹਰ ਚਲੀ ਗਈ। ਓਧਰ ਸੁਰਿੰਦਰ ਨੂੰ ਬੀ ਐੱਡ ਕਰਕੇ ਆਪਣੇ ਪਿਤਾ ਦੀ ਸਿਫਾਰਸ਼ ਦੇ ਜ਼ੋਰ ਤੇ ਸਰਕਾਰੀ ਨੌਕਰੀ ਵੀ ਮਿਲ਼ ਗਈ । ਜਿਸ ਤਰ੍ਹਾਂ ਉਸ ਨੇ ਆਪਣੀ ਪੜ੍ਹਾਈ ਮੁਕੰਮਲ ਕੀਤੀ ਸੀ ਉਸੇ ਤਰ੍ਹਾਂ ਨੌਕਰੀ ਵੀ ਆਪਣੀ ਮਨਪਸੰਦ ਜਗ੍ਹਾ ਤੇ ਘਰ ਦੇ ਨੇੜੇ ਹੀ ਮਿਲ਼ੀ ਸੀ। ਇਸ ਤਰ੍ਹਾਂ ਪਹਿਲੀ ਜਮਾਤ ਤੋਂ ਸਰਕਾਰੀ ਨੌਕਰੀ ਲੈਣ ਤੱਕ ਦਾ ਸਫ਼ਰ ਆਪਣੇ ਪਿਤਾ ਦੇ ਅਸਰ ਰਸੂਖ਼ ਦੇ ਸਿਰ 'ਤੇ ਤਹਿ ਕੀਤਾ ਸੀ।

ਹੁਣ ਸੁਰਿੰਦਰ ਨੇ ਵੀ ਜ਼ਿੰਦਗੀ ਦਾ ਅਗਲਾ ਪੜਾਅ ਸ਼ੁਰੂ ਕਰਨਾ ਸੀ । ਉਸ ਦੇ ਪਿਤਾ ਦੇ ਰਸੂਖ਼ ਸਦਕਾ ਹੀ ਸ਼ਹਿਰ ਦੇ ਇੱਕ ਉੱਘੇ ਵਕੀਲ ਨਾਲ਼ ਉਸ ਦਾ ਰਿਸ਼ਤਾ ਤਹਿ ਹੋ ਗਿਆ। ਵਿਆਹ ਵੀ ਬਹੁਤ ਧੂਮਧਾਮ ਨਾਲ਼ ਕੀਤਾ ਗਿਆ। ਵਿਆਹ ਨੂੰ ਹਜੇ ਮਹੀਨਾ ਵੀ ਨਹੀਂ ਹੋਇਆ ਸੀ ਕਿ ਹਰ ਵੇਲ਼ੇ ਦੀ ਪਤੀ ਨਾਲ ਲੜਾਈ ਉਸ ਦੇ ਪਿਤਾ ਦੇ ਲਈ ਚਿੰਤਾ ਬਣੀ ਹੋਈ ਸੀ। ਉਹੀ ਹੋਇਆ ਜਿਸ ਦਾ ਡਰ ਸੀ,ਪਤੀ ਦਾ ਘਰ ਛੱਡ ਕੇ ਸਦਾ ਲਈ ਆ ਗਈ । ਜਿਹੜਾ ਪਿਤਾ ਆਪਣੇ ਰੁਤਬੇ ਅਤੇ ਪੈਸੇ ਦੇ ਸਿਰ ਤੇ ਆਪਣੀ ਧੀ ਨੂੰ ਅਸਾਨ ਤਰੀਕੇ ਨਾਲ਼ ਕਾਮਯਾਬੀ ਦਿਵਾਉਂਦਾ ਆ ਰਿਹਾ ਸੀ,ਉਹ ਅੱਜ ਆਪਣੀ ਧੀ ਦੀ ਜ਼ਿੰਦਗੀ ਦੇ ਇਸ ਪੜਾਅ ਤੇ ਬੇਬਸ ਅਤੇ ਫੇਲ੍ਹ ਸਾਬਤ ਹੋ ਰਿਹਾ ਸੀ । ਉਸ ਦਾ ਜਵਾਈ ਬਹੁਤ ਅਮੀਰ ਹੋਣ ਕਰਕੇ ਉਸ ਨੂੰ ਕੁਛ ਨਹੀਂ ਸਮਝਦਾ ਸੀ। ਦੋ ਤਿੰਨ ਵਾਰ ਆਪ ਉਸ ਨਾਲ਼ ਗੱਲਬਾਤ ਕਰਨ ਗਿਆ ਤਾਂ ਉਸ ਦੇ ਵਕੀਲ ਜਵਾਈ ਨੇ ਰੱਜ ਕੇ ਬੇਜ਼ਤੀ ਕੀਤੀ। ਆਖ਼ਰ ਤਲਾਕ ਹੋ ਗਿਆ। ਧੀ ਦੀ ਚਿੰਤਾ ਨਾਲ ਸੁਰਿੰਦਰ ਦੀ ਮਾਂ ਦੀ ਕੁਝ ਮਹੀਨਿਆਂ ਬਾਅਦ ਹੀ ਮੌਤ ਹੋ ਗਈ। ਉਸ ਦੇ ਪਿਤਾ ਤੇ ਕਮਾਈ ਤੋਂ ਵੱਧ ਜਾਇਦਾਦ ਬਣਾਉਣ ਦਾ ਕੇਸ ਦਰਜ ਹੋ ਗਿਆ ਸੀ। ਉਸ ਨੂੰ ਪੁਲਿਸ ਫੜ ਕੇ ਲੈ ਗਈ ਸੀ।

ਰਮਨੀਕ ਦੋ ਸਾਲਾਂ ਬਾਅਦ ਆਪਣੇ ਪਤੀ ਅਤੇ ਜੁੜਵਾਂ ਬੱਚਿਆਂ ਨਾਲ਼ ਆਪਣੇ ਪੇਕੇ ਮਿਲ਼ਣ ਆਈ ਤਾਂ ਉਹ ਇਹ ਸਭ ਕੁਝ ਸੁਣ ਕੇ ਹੈਰਾਨ ਸੀ। ਰਮਨੀਕ ਨੇ ਜਦੋਂ ਸੁਰਿੰਦਰ ਦੀ ਸਾਰੀ ਕਹਾਣੀ ਸੁਣੀ ਤਾਂ ਉਸ ਦੀਆਂ ਅੱਖਾਂ ਸਾਹਮਣੇ ਬੀਤੇ ਸਮੇਂ ਦੇ ਉਹ ਦਿਨ ਘੁੰਮਣ ਲੱਗੇ, ਜਦੋਂ ਉਹ ਮਿਹਨਤ ਕਰਨ ਦੇ ਬਾਵਜੂਦ ਵੀ ਸੁਰਿੰਦਰ ਨਾਲੋਂ ਘੱਟ ਅੰਕ ਪ੍ਰਾਪਤ ਕਰਦੀ ਸੀ। ਉਸ ਦਿਨ ਉਸ ਨੂੰ ਅਹਿਸਾਸ ਹੋਇਆ ਕਿ ਪੈਸੇ ਦੇ ਜ਼ੋਰ ਤੇ ਜ਼ਿੰਦਗੀ ਦੀ ਦੌੜ ਵਿੱਚ ਹਰ ਵਾਰ ਅੱਗੇ ਨਿਕਲਣ ਵਾਲਾ ਹੀ ਅਸਲ ਜੇਤੂ ਨਹੀਂ ਹੁੰਦਾ। ਜ਼ਿੰਦਗੀ ਨੂੰ ਸੂਝ ਬੂਝ ਨਾਲ਼ ਅੱਗੇ ਵਧਾਉਣਾ ਵੀ ਇੱਕ ਹੁਨਰ ਹੀ ਹੁੰਦਾ ਹੈ। ਜਿਹੜੀ ਰਮਨੀਕ ਸ਼ੁਰੂਤੋਂ ਮਿਹਨਤ ਕਰਨ ਦੇ ਬਾਵਜੂਦ ਕਈ ਮੌਕੇ ਗਵਾ ਕੇ ਰੱਬ ਨਾਲ਼ ਗਿਲਾ ਰੱਖਦੀ ਸੀ ਅੱਜ ਉਹ ਆਪਣੇ ਆਪ ਨੂੰ ਅਸਲੀ ਜੇਤੂ ਸਮਝ ਰਹੀ ਸੀ।



ਡਰਾਈਵਰ ਵੀ ਜਿੰਦਗੀ ਦੇ
2 ਸਭ ਤੋਂ ਵੱਡੇ ਦੁਸ਼ਮਣ ਕੌਣ?
ਕਾਗਜ਼ ਤੇ ਘਾਣ ਦਾ ਇਨਵੌਇਸ!



ਇਨਵੌਇਸ ਬਣਾਓ ਆਸਾਨ, ਤੇ ਚਲੋ ਬੱਸ ਮਸਤਾਨ!

ਘੱਟ ਕਾਗਜ਼ੀ ਕੰਮ. ਹੋਰ ਕਿਲੋਮੀਟਰ. ਇਨਵੌਇਸ ਸਮਾਰਟ ਬਣਾਓ
Traki ਨਾਲ.

ਕਾਗਜ਼ ਸੰਭਾਲੋ
ਫੋਟੋ, PDF ਤੇ ਆਪਣੇ ਡੌਕੂਮੈਂਟ ਇਕੱਤਰ ਰੱਖੋ.

ਇਨਵੌਇਸ ਬਣਾਓ
AI ਮਦਦ ਨਾਲ ਆਟੋ ਫਿਲ ਅਤੇ ਪੇਸ਼ੇਵਰ ਇਨਵੌਇਸ ਤਿਆਰ.

ਕਮਾਈ ਵਧਾਓ
ਰਿਪੋਰਟ ਵੇਖੋ, ਕਮਾਈ ਟ੍ਰੈਕ ਕਰੋ, ਤੇ ਟਾਈਮ ਬਚਾਓ.

ਅੱਜ ਹੀ ਸ਼ੁਰੂ ਕਰੋ!

3 ਦਿਨ ਦਾ ਮੁਫ਼ਤ TRIAL ਮਿਲੇਗਾ!

ਟਰਾਈ ਕਰੋ, ਪਸੰਦ ਆਇਆ ਤਾਂ ਅੱਗੇ ਵਧੋ!

QR ਸਕੈਨ ਕਰੋ ਤੇ Traki ਡਾਊਨਲੋਡ ਕਰੋ ਹੁਣੇ!

ਟਾਈਮ ਬਚਾਓ
ਕਾਗਜ਼ੀ ਕੰਮ ਘੱਟ, ਡਰਾਈਵ ਵੱਧ.

ਗਲਤੀ ਘੱਟ
ਆਟੋਮੈਟਿਕ ਫਿਲ ਤੇ ਸਹੀ ਇਨਵੌਇਸ.

ਆਫਲਾਈਨ ਕੰਮ
ਇੰਟਰਨੈੱਟ ਬਿਜ਼ਾਂ ਵੀ ਸਭ ਕੁਝ ਚੱਲਦਾ.

ਸਭ ਕੁਝ ਇੱਕ ਜਗ੍ਹਾ
ਡੌਕੂਮੈਂਟ, ਇਨਵੌਇਸ ਤੇ ਰਿਪੋਰਟ – ਸਭ ਨਾਲ.

ਹੋਰ ਜਾਣਕਾਰੀ ਲਈ ਵੇਖੋ | TRAKIAPP.COM

TRAKI
ਡਰਾਈਵਰ ਦਾ ਅਸਲੀ ਯਾਰ.

ਪਬਲਿਕ ਹਿਤ ਵਿੱਚ ਸੂਚਨਾ

ਮੈਂ **ਗੁਰਦੀਪ ਸਿੰਘ ਸੰਧੂ** ਜਿਵੇਂ ਕਿ ਤੁਸੀਂ ਜਾਣਦੇ ਹੋ 1973 ਤੋਂ ਹੋਮਿਓਪੈਥਿਕ/ਆਯੁਰਵੈਦਿਕ ਦੀ ਪ੍ਰੈਕਟਿਸ ਕਰ ਰਿਹਾ ਹਾਂ ਇਸ ਪੰਜ ਦਹਾਕਿਆਂ ਤੋਂ ਵੱਧ ਦੇ ਸਮੇਂ ਵਿਚ ਮੈਡੀਕਲ ਕਾਲਜਾਂ ਵਿਚ ਪ੍ਰੋ. ਪ੍ਰਿੰਸੀਪਲ ਤੇ ਚੀਫ਼ ਮੈਡੀਕਲ ਅਫਸਰ ਦੇ ਤੌਰ ਤੇ ਸੇਵਾਵਾਂ ਦਿੰਦਾ ਰਿਹਾ ਹਾਂ। 1996 ਤੋ ਅਮਰੀਕਾ ਵਿਚ ਵੱਖ-ਵੱਖ ਰੇਡੀਓ, ਟੀ.ਵੀ ਸਟੇਸ਼ਨਾਂ, ਯੂਟਿਊਬ, ਫੇਸਬੁਕ ਤੇ ਵੱਖ-ਵੱਖ ਮੀਡੀਆ ਚੈਨਲਾਂ ਰਾਹੀਂ ਪਬਲਿਕ ਨੂੰ ਜੀਵਨ ਤੋਂ ਜੀਵਨ ਦੀ ਉਤਪਤੀ ਸਰੀਰਕ ਬਣਤਰ, ਵਿਸਥਾਰ, ਸਿਹਤ, ਬਿਮਾਰੀ ਅਤੇ ਇਲਾਜਾਂ ਪ੍ਰਤੀ ਜਾਗਰੂਕ ਕਰਦਾ ਆ ਰਿਹਾਂ। ਅੱਜ ਦੇ ਵਕਤ ਅਮੈਰਿਕਨ ਇਕੌਨਮੀ ਦੀ ਮਾੜੀ ਹਾਲਤ ਹੋਣ ਕਰਕੇ ਐਲਾਨ ਕਰਦਾ ਹਾਂ ਕਿ ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜਦ ਥੱਕ ਗਏ ਹੋ ਕੋਈ ਹਲ ਨਹੀਂ ਦਿਸ ਰਿਹਾ ਤਾਂ ਇਕ ਮੌਕਾ ਹੋਮਿਓਪੈਥਿਕ ਦੇ ਸਿਧਾਂਤਕ ਇਲਾਜ ਲਈ ਮੈਨੂੰ ਦਿਓ ਇਸ ਲਈ ਕਾਲ ਕਰੋ: **408 687 1899**

ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ਼ ਲੈਕਚਰ ਸੁਣਨ ਲਈ ਮੇਰਾ ਫੇਸਬੁਕ ਅਤੇ ਯੂਟਿਊਬ ਚੈਨਲ https://youtube/duhk3caceu, sabrang station.com(radio station) ਰੋਜ਼ਾਨਾ ਕੈਲੇਫੋਰਨੀਆ ਟਾਈਮ ਸ਼ਾਮ ਨੂੰ 5 ਤੋ 6 ਵਜੇ ਤਕ ਸੁਣੋ।

Working under sb577 act of California







ਕਈ ਵੀਰਾਂ ਦੇ

LICENSE CANCEL

ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।

ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ

ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ

Green Card ਨਹੀਂ ਹੈ | I-485 Application ਅਜੇ Pending ਹੈ।

Ghuman Law Group ਤੁਹਾਡੇ ਨਾਲ ਹੈ

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :



Green Card Case ਨੂੰ
ਜਲਦੀ ਹੱਲ ਕਰਨ ਵਿੱਚ



CDL ਅਤੇ ਕੰਮ ਨੂੰ ਬਚਾਉਣ
ਲਈ Legal Guidance



Deportation ਜਾਂ Immigration
Detention Cases ਵਿੱਚ Legal Advice



Appeals ਅਤੇ Immigration
Process ਵਿੱਚ ਸਹਾਇਤਾ



Estate Planning ਰਾਹੀਂ Property
ਅਤੇ Assets ਨੂੰ safe ਕਰਨ ਵਿੱਚ ਮਦਦ



ਤੁਹਾਡੇ ਪਰਿਵਾਰ ਦੇ ਭਵਿੱਖ ਨੂੰ
Secure ਬਣਾਉਣ ਵਿੱਚ ਸਹਾਇਤਾ

GHUMAN LAW GROUP INC.
Criminal Defense, Family and Immigration Law

Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ

ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)

Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner

ਸਰਦਾਰ ਨੇ

ਮੁੱਛ ਨੂੰ ਇੰਝ ਮਰੋੜੀ ਦੇ ਕੇ ਰੱਖੀ ਹੈ ਸਰਦਾਰ ਨੇ।
ਤੀਰ ਕਮਾਨੇ ਖਿੱਚ ਕੇ ਰੱਖੇ ਯੁੱਧ 'ਚ ਜਿਉਂ ਸਰਕਾਰ ਨੇ।
ਘਰ-ਘਰ ਵਿੱਚ ਪੁਆੜੇ ਪਾਏ ਉਸ ਦੀ ਲੰਬੀ ਜੀਭਾ,
ਕਾਰਜ ਕਿਹੜੇ ਕਿਹੜੇ ਕੀਤੇ ਦੋ ਧਾਰੀ ਤਲਵਾਰ ਨੇ।
ਤੜਕ ਸਵੇਰੇ ਨੀਲ ਸਫੇਦੀ ਫੁੱਲਾਂ 'ਤੇ ਅੰਗੜਾਈ,
ਸੁਦਰਤਾ ਦੇ ਹਾਰ ਪਿਰੋਏ ਗੁਲਸ਼ਨ ਦੀ ਕਚਨਾਰ ਨੇ।
ਭਾਵੇਂ ਤੇਰੀ ਉਲਫ਼ਤ ਵਾਲੇ ਸੂਰਜ ਡੁੱਬ ਗਏ ਨੇ,
ਐਪਰ ਯਾਦ ਤੇਰੀ ਦੇ ਦੀਵੇ ਸੀਨੇ ਦੇ ਵਿਚਕਾਰ ਨੇ।
ਦਿਲ ਦੇ ਨੇਰ੍ਹੇ ਅੰਦਰ ਹੋਇਆ ਕੋਸਾ-ਕੋਸਾ ਚਾਨਣ,
ਉਮੀਦਾਂ ਦੇ ਦੀਪ ਜਗਾਏ ਤੇਰੇ ਇਕ ਇਕਰਾਰ ਨੇ।
ਲਹਿਰਾਂ ਨਾਲ ਯਾਰਾਨੇ ਪਾ ਕੇ ਕੀ ਖੱਟਿਆ, ਕੀ ਵੱਟਿਆ?
ਮੰਜ਼ਿਲ ਢਹਿ-ਢੇਰੀ ਕਰ ਦਿੱਤੀ ਰੇਤੇ ਦੀ ਦੀਵਾਰ ਨੇ।
ਪਤਝੜ ਆਉਣ ਨਾ ਦਿੱਤੀ ਉਨ੍ਹਾਂ ਮੇਰੇ ਗੁਲਸ਼ਨ ਅੰਦਰ,
ਮੇਰੇ ਸਾਰੇ ਰਿਸ਼ਤੇਦਾਰ ਬਹਾਰਾਂ ਵਰਗੇ ਯਾਰ ਨੇ।
ਸੱਭਿਆਚਾਰ ਬੁਲੰਦੀ ਉੱਤੇ ਸੁੰਦਰ ਦ੍ਰਿਸ਼ ਬਣਾਏ,
ਗਿੱਧੇ ਦੇ ਵਿਚ ਭੜਥੂੰ ਪਾਏ ਨੱਚ-ਨੱਚ ਕੇ ਮੁਟਿਆਰ ਨੇ।
ਭੰਵਰ 'ਚ ਜਿਹੜੇ ਰਹਿੰਦੇ, ਉਨ੍ਹਾਂ ਸਾਹਿਲ ਤੋਂ ਕੀ ਲੈਣਾ,
ਆਰ ਨਹੀਂ, ਪਾਰ ਨਹੀਂ, ਉਹ ਹਿੰਮਤ ਦੇ ਵਿਚਕਾਰ ਨੇ।
ਅੱਜ ਤੁਹਾਡਾ ਆਉਣਾ ਸਾਡੇ ਮੱਥੇ 'ਤੇ ਚੰਨ ਵਰਗਾ,
ਸਾਡੇ ਵੱਲੋਂ ਜੀ ਆਇਆਂ ਨੂੰ, ਸਭਨਾਂ ਦੇ ਸਤਿਕਾਰ ਨੇ।
ਚੰਨ ਦੀ ਸਾਰੀ ਮਹਿਮਾ ਹੁੰਦੀ ਇਕ-ਇਕ ਤਾਰੇ ਕਰਕੇ,
ਤਾਂ ਹੀ ਫੁੱਲ ਗੁਲਾਬੀ ਦੇ ਨਾਲ ਹੁੰਦੇ ਤਿੱਖੇ ਖ਼ਾਰ ਨੇ।
ਰਾਹੀਆਂ ਦੇ ਲਈ ਰਾਹ ਦੁਸੇਰਾ ਬਣ ਕੇ ਜ਼ਿੰਦਾ ਰਹਿਣਗੀਆਂ,
ਬਾਲਮ ਸਾਨੂੰ ਤੇਰੀਆਂ ਗ਼ਜ਼ਲਾਂ ਉੱਪਰ ਵੀ ਇਤਬਾਰ ਨੇ।



SANJHI SOCH
ਬਲਵਿੰਦਰ ਬਾਲਮ
ਉਂਕਾਰ ਨਗਰ
ਗੁਰਦਾਸਪੁਰ (ਪੰਜਾਬ)
98156-25409

ਹੇ ਗੁਰੂ ਨਾਨਕ

ਹੇ ਗੁਰੂ ਨਾਨਕ,
ਅਸੀਂ ਤੈਨੂੰ ਨਮਸਕਾਰ ਕਰਦੇ ਹਾਂ
ਕਿਉਂਕਿ ਤੂੰ ਸਾਨੂੰ ਇਹ ਸਮਝਾਇਆ
ਕਿ ਸਭ ਮਨੁੱਖ ਬਰਾਬਰ ਹਨ,
ਕੋਈ ਜ਼ਾਤ ਤੇ ਰੰਗ ਕਰਕੇ
ਵੱਡਾ, ਛੋਟਾ ਨਹੀਂ।
ਕਿਸੇ ਦਾ ਹੱਕ ਖਾਣਾ
ਮਾਸ ਖਾਣ ਦੇ ਬਰਾਬਰ ਹੈ।
ਹੇ ਗੁਰੂ ਨਾਨਕ,
ਅਸੀਂ ਤੈਨੂੰ ਨਮਸਕਾਰ ਕਰਦੇ ਹਾਂ
ਕਿਉਂਕਿ ਤੂੰ ਸਾਨੂੰ ਨਾਮ ਜਪਣਾ,
ਦਸਾਂ ਨਹੁੰਆਂ ਦੀ ਕਿਰਤ ਕਰਨਾ
ਅਤੇ ਵੰਡ ਕੇ ਛਕਣਾ ਸਿਖਾਇਆ।
ਜ਼ੁਲਮ, ਜਬਰ ਦਾ ਨਿਡਰ ਹੋ ਕੇ
ਟਾਕਰਾ ਕਰਨਾ ਸਿਖਾਇਆ।
ਔਰਤ ਦਾ ਸਤਿਕਾਰ ਕਰਨਾ ਸਿਖਾਇਆ
ਜਿਸ ਨੇ ਗੁਰੂਆਂ, ਪੀਰਾਂ, ਫ਼ਕੀਰਾਂ,
ਪੈਗੰਬਰਾਂ,ਮਹਾਰਾਜਿਆਂ, ਮਹਾਂਦਾਨੀਆਂ
ਤੇ ਮਹਾਂਯੋਧਿਆਂ ਨੂੰ ਜਨਮ ਦਿੱਤਾ ਹੈ।
ਨਸ਼ਿਆਂ ਤੋਂ ਦੂਰ ਰਹਿਣਾ ਸਿਖਾਇਆ
ਜਿਨ੍ਹਾਂ ਦੀ ਵਰਤੋਂ ਨਾਲ
ਮਨੁੱਖ, ਮਨੁੱਖ ਨਹੀਂ ਰਹਿੰਦਾ
ਸਗੋਂ ਪਸ਼ੂ ਬਣ ਜਾਂਦਾ ਹੈ।



SANJHI SOCH
ਮਹਿੰਦਰ ਸਿੰਘ ਮਾਨ
ਸਲੋਹ ਰੋਡ, ਨਵਾਂ ਸ਼ਹਿਰ
99158-03554

LARRY T. NIERMEYER
Attorney at Law



OFFERING SERVICES IN THE FOLLOWING AREAS

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation





PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com





RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

Kirandeep Kaur

Realtor ®

CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

Contact : Cell (209) 550-1704

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

GHUMAN LAW GROUP INC.

GHUMAN LAW GROUP

ਭਰੋਸੇਯੋਗ ਅਤੇ ਤਜਰਬੇਕਾਰ ਵਕੀਲ ਹੀ ਹਮੇਸ਼ਾ
ਤੁਹਾਡੀ ਸਹੀ ਮਦਦ ਕਰ ਸਕਦਾ ਹੈ।



MON - FRI | 9:00 AM-3:00 PM | +1 (228) 200-0001 | www.ghumanlawgroup.org | 2450 VENTURE OAKS WAY, STE 225 SACRAMENTO, CA

ਸਾਡੀਆਂ ਸੇਵਾਵਾਂ

01 ਜੇ ਕਰ ਤੁਸੀਂ ਕਿਸੇ ਵੀ ਕ੍ਰਿਮਿਨਲ ਕੇਸ ਵਿੱਚ ਫਸੇ ਹੋ।



02 ਜੇ ਕਰ ਤੁਸੀਂ ਆਪਣੇ ਪੁਰਾਣੇ ਕ੍ਰਿਮਿਨਲ ਕੇਸ ਨੂੰ Expunge ਕਰਵਾਉਣਾ ਚਾਹੁੰਦੇ ਹੋ।



03 ਜੇ ਕਰ ਤੁਸੀਂ ਆਪਣੇ Immigration Case ਵਿੱਚ ਕੋਈ Appeal ਲਗਾਉਣੀ ਹੈ।



04 ਜੇ ਕਰ ਤੁਸੀਂ Immigration Case ਵਿੱਚ Bond Hearing ਕਰਵਾਉਣੀ ਹੈ।



ਉੱਪਰ ਲਿਖ਼ੀਆਂ ਸੇਵਾਵਾਂ ਵਿੱਚੋਂ ਕਿਸੇ ਵੀ ਸੇਵਾ ਦੀ ਲੋੜ ਹੈ ਤਾਂ ਤੁਸੀਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ।

ਜੇ ਕਰ ਤੁਸੀਂ ਆਪਣੇ ਪੁਰਾਣੇ Criminal Case ਕਰਕੇ USA ਦੀ Citizenship ਲਈ Apply ਨਹੀਂ ਕਰ ਰਹੇ

ਜਾਂ ਤੁਹਾਨੂੰ ਆਪਣਾ Green Card ਖੋਹੇ ਜਾਣ ਦਾ ਡਰ ਹੈ,
ਤਾਂ ਤੁਸੀਂ ਸਾਡੇ ਨਾਲ ਇੱਕ ਵਾਰ ਜ਼ਰੂਰ ਸੰਪਰਕ ਕਰੋ।

MON - FRI | 9:00 AM 3:00 PM | +1 (228) 200-0001 | www.ghumanlawgroup.org | 2450 VENTURE OAKS WAY, STE 225 SACRAMENTO, CA

Truck Parking Yard



ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ



- ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
- ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
- ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ

Truck Parking - Only $200 Monthly
Bobtail Parking - Only $100 Monthly



ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।



ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ

Harbans Gill (209) 972-0013

1651 EAST Whitmore Ave, Ceres, CA 95307

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

Paul Sahota

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ
ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ



e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.



Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।



ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ
ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD,
SACRAMENTO, CA 95841
+1-917-915-4142
FREMONT, CA
3155 KEARNEY ST, SUITE
#248, FREMONT, CA 94538
+1-510-657-6444
NEW YORK, NY
108-14 JAMAICA AVENUE,
RICHMOND HILL, NY 11418
+1-718-533-8444
FRESNO, CA
1625 E SHAW AVE #122,
FRESNO, CA 93711
+1-559-271-5511
NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699
LOS ANGELES, CA
1013 N BEGONIA AVE,
ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com

RED CHILLI INDIAN

FOOD TRUCK

ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE

VEG | NON -VEG ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ

BOOK US FOR


WEDDINGS


BIRTHDAY PARTIES


CORPORATE EVENTS


BACKYARD PARTIES

RED CHILLI INDIAN

FOOD TRUCK

ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ





RED CHILLI INDIAN FOOD TRUCK

ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ

DELIVERY Available



Call TO Order : (209) 216-8169

A Kaur 2340 Lander Ave Turlock, CA 95280